# ਜਲ ਬਿਨੁ ਸਾਖ ਕੁਮਲਾਵਤੀ

(ਪੰਜਾਬ ਦੇ ਪਾਣੀਆਂ ਦੀ ਸਮੱਸਿਆ ਦੇ ਸੰਦਰਭ 'ਚ)



ਸਿੱਖ ਸਟੂਡੈਂਟਸ ਫੈਡਰੇਸ਼ਨ

# ਜਲ ਬਿਨੁ ਸਾਖ ਕੁਮਲਾਵਤੀ

(ਪੰਜਾਬ ਦੇ ਪਾਣੀਆਂ ਦੀ ਸਮੱਸਿਆ ਦੇ ਸੰਦਰਭ 'ਚ)

ਪਹਿਲੀ ਵਾਰ: 12 ਜੁਲਾਈ 2008

ਗਿਣਤੀ : 5000

ਭੇਟਾ : 10/-

ਪ੍ਰਕਾਸ਼ਕ:

ਸਿੱਖ ਸਟੂਡੈਂਟਸ ਫੈਡਰੇਸ਼ਨ

ਪਤਾ:
SCO 25, ਸੁਖਸਾਗਰ ਕੰਪਲੈਕਸ,
ਸਾਹਮਣੇ ਪੰਜਾਬੀ ਯੂਨੀਵਰਸਿਟੀ,
ਪਟਿਆਲਾ-147002 (ਪੰਜਾਬ)

ਵੈੱਬਸਾਈਟ: www.sikhstudentsfederation.com
ਈਮੇਲ information@sikhstudentsfederation.com
ਫੈਕਸ: 0175-5005281
ਸੰਪਰਕ: 93166-48112, 98882-70651

# ਭੂਮਿਕਾ

ਮਨੁੱਖ ਨੇ ਆਪਣੀ ਅਗਿਆਨਤਾ ਅਤੇ ਬੇਈਮਾਨੀ ਵਸ ਕੁਦਰਤ ਨਾਲ ਬਹੁਤ ਛੇੜ-ਛਾੜ ਕੀਤੀ। ਜਿਸ ਨਾਲ ਮਨੁੱਖੀ ਸੱਭਿਅਤਾ ਗੰਭੀਰ ਸਮੱਸਿਆਵਾਂ ਵਿਚ ਫਸ ਗਈ ਹੈ ਅਤੇ ਸ਼ੁੱਧ ਪਾਣੀ ਦੀ ਥੁੜ੍ਹ ਨੇੜ ਭਵਿੱਖ ਵਿਚ ਮਨੁੱਖਤਾ ਲਈ ਸਭ ਤੋਂ ਅਹਿਮ ਸਮੱਸਿਆ ਦਾ ਰੂਪ ਧਾਰ ਗਈ ਹੈ। ਮਾਹਰਾਂ ਵਲੋਂ ਲਗਾਤਾਰ ਚਿਤਾਵਨੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਜੇਕਰ ਮਨੁੱਖੀ ਸੱਭਿਅਤਾ ਨੇ ਪਾਣੀ ਦੀ ਦੁਰਵਰਤੋਂ ਇਸੇ ਤਰ੍ਹਾਂ ਜਾਰੀ ਰੱਖੀ ਤਾਂ ਧਰਤੀ ਦੇ ਵੱਡੇ ਹਿੱਸੇ ਉਤੇ ਮਾਰੂਥਲ ਪਸਰ ਜਾਵੇਗਾ ਅਤੇ ਸਮੁੱਚੇ ਜੀਵਨ ਦੀ ਹੋਂਦ ਖਤਰੇ ਵਿਚ ਪੈ ਜਾਵੇਗੀ, ਕਿਉਂਕਿ ਪਾਣੀ ਤੋਂ ਬਿਨਾਂ ਜੀਵਨ ਸੰਭਵ ਨਹੀਂ ਹੈ। ਵੈਸੇ ਵੀ ਪਾਣੀ ਮਨੁੱਖ ਦੀ ਆਰਥਿਕ ਤਰੱਕੀ, ਸੱਭਿਆਚਾਰਕ ਉਨਤੀ, ਤੰਦਰੁਸਤ ਸਿਹਤ ਅਤੇ ਅਧਿਆਤਮਕ ਵਿਗਾਸ ਦਾ ਆਧਾਰ ਹੈ। ਪਾਣੀ ਬਾਰੇ ਗੁਰਬਾਣੀ ਵਿਚ ਹੇਠ ਲਿਖੇ ਕਥਨ ਹਨ:

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ (ਅੰਕ ੮)
ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥ (ਅੰਕ ੧੩੩)
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ (ਅੰਕ ੪੭੨)

ਇਨ੍ਹਾਂ ਕਥਨਾਂ ਤੋਂ ਭਾਵ ਹੈ ਕਿ ਪਾਣੀ ਤੋਂ ਬਿਨ੍ਹਾਂ ਜੀਵਨ ਦੀ ਉਤਪਤੀ ਅਤੇ ਵਿਕਾਸ ਸੰਭਵ ਨਹੀਂ ਹੋ ਸਕਦਾ। ਭਾਵੇਂ ਅੱਜ ਦੁਨੀਆਂ ਭਰ ਵਿਚ ਪਾਣੀ ਦੀ ਥੁੜ ਦੀ ਸਮੱਸਿਆ ਹੈ, ਪਰ ਪੰਜਾਬ ਦੁਨੀਆਂ ਦੇ ਉਨ੍ਹਾਂ ਖੇਤਰਾਂ ਵਿਚ ਆਉਂਦਾ ਹੈ ਜਿਥੇ ਪਾਣੀ ਬਹੁਤ ਤੇਜੀ ਨਾਲ ਖਤਮ ਹੋ ਰਿਹਾ ਹੈ। ਪੰਜਾਬ ਦੇ ਪਾਣੀ ਦੀ ਸਮੱਸਿਆ ਦੇ ਦੋ ਮੁੱਖ ਪਹਿਲੂ ਹਨ:

1. ਪੰਜਾਬ ਦੀ ਧਰਤੀ ਹੇਠਲਾ ਪਾਣੀ ਬਹੁਤ ਤੇਜੀ ਨਾਲ ਖਤਮ ਹੋ ਰਿਹਾ ਹੈ। ਪੰਜਾਬ ਦੇ 138 ਵਿਚੋਂ 112 ਪੇਂਡੂ ਵਿਕਾਸ ਬਲਾਕਾਂ ਵਿਚ ਪਾਣੀ ਖਤਰੇ ਦੀ ਹੱਦ ਤੋਂ ਹੇਠਾਂ ਜਾ ਚੁੱਕਾ ਹੈ। ਪੰਜਾਬ ਦੇ ਵੱਡੇ ਹਿੱਸੇ ਵਿਚ ਪਾਣੀ ਦਾ ਪਹਿਲਾ ਪੱਤਣ ਖਤਮ ਹੋਣ ਕਾਰਨ ਪੀਣ ਦੇ ਪਾਣੀ ਵਾਲੇ ਜ਼ਿਆਦਾਤਰ ਖੂਹ ਅਤੇ ਨਲਕੇ ਸੁੱਕ ਚੁੱਕੇ ਹਨ। ਪੀਣ ਵਾਲੇ ਪਾਣੀ ਲਈ ਪੰਜਾਬ ਅੱਜ ਸਬਮਰਸੀਬਲ ਮੋਟਰਾਂ ਉੱਤੇ ਹੀ ਨਿਰਭਰ ਹੈ, ਜੋ ਕਿ ਬਿਜਲੀ ਨਾਲ ਹੀ ਚਲਦੀਆਂ ਹਨ। ਜੇਕਰ ਕਿਸੇ ਕਾਰਨ ਪੰਜਾਬ ਦੇ ਤਾਪ ਬਿਜਲੀ ਘਰ ਬੰਦ ਹੋ ਜਾਣ ਤਾਂ ਪੰਜਾਬ ਦੇ ਲੋਕ ਤ੍ਰੇਹ ਨਾਲ ਹੀ ਮਰਨ ਕਿਨਾਰੇ ਪਹੁੰਚ ਸਕਦੇ ਹਨ। ਧਰਤੀ ਹੇਠਲੇ ਪਾਣੀ ਦੇ ਡੂੰਘਾ ਹੋਣ ਦੇ ਤਿੰਨ ਅਹਿਮ ਕਾਰਨ ਹਨ। ਦਰਿਆਈ ਪਾਣੀਆਂ ਦੀ ਲੁੱਟ, ਪੰਜਾਬ ਵਿਚ ਝੋਨੇ ਦੀ ਬਿਜਾਈ ਅਤੇ ਜਮੀਨਦੋਜ਼ ਪਾਣੀ ਦੀ ਭਰਪਾਈ (ਰੀਚਾਰਜ) ਨਾ ਹੋਣਾ। ਮਾਹਿਰਾਂ ਮੁਤਾਬਕ ਜੇ ਪਾਣੀ ਦੇ ਵਰਤਣ ਦੀ ਰਫ਼ਤਾਰ ਇਹੋ ਰਹੀ ਤਾਂ ਆਉਣ ਵਾਲੇ ਕੁੱਝ ਸਾਲਾਂ ਵਿੱਚ ਜਮੀਨਦੋਜ਼ ਪਾਣੀ ਖਤਮ ਹੋ ਜਾਵੇਗਾ ਜਿਸ ਕਾਰਨ ਪੰਜਾਬ ਦੇ ਵਾਤਾਵਰਣ ਦਾ ਸੰਤੁਲਨ ਵਿਗੜ ਜਾਵੇਗਾ ਅਤੇ ਪੰਜਾਬ ਮਾਰੂਥਲ ਦੇ ਰੂਪ ਵਿਚ ਬਦਲ ਜਾਵੇਗਾ।

2. ਦੂਸਰੀ ਸਮੱਸਿਆ ਪਾਣੀ ਦੇ ਦੂਸ਼ਿਤ ਹੋਣ ਦੀ ਹੈ। ਖੇਤੀ ਵਿਚ ਵਰਤੀਆਂ ਜਾ ਰਹੀਆਂ ਰਸਾਇਣ ਖਾਦਾਂ, ਕੀੜੇਮਾਰ ਦਵਾਈਆਂ, ਫੈਕਟਰੀਆਂ ਅਤੇ ਘਰੇਲੂ ਸੀਵਰੇਜ਼ ਦੀ ਗੰਦਗੀ ਪਾਣੀ ਨੂੰ

ਦੂਸ਼ਿਤ ਕਰ ਰਹੇ ਹਨ। ਇਸ ਦੂਸ਼ਿਤ ਪਾਣੀ ਦੀ ਵਰਤੋਂ ਨਾਲ ਲੋਕਾਂ ਵਿਚ ਕੈਂਸਰ, ਕਾਲਾ ਪੀਲੀਆ, ਤਪਦਿਕ, ਹਾਈ ਬਲੱਡ ਪ੍ਰੈਸ਼ਰ, ਨਾਮਰਦਗੀ, ਬਾਂਝਪਣ, ਚਮੜੀ, ਹੱਡੀਆਂ ਅਤੇ ਪੇਟ ਦੀਆਂ ਬੀਮਾਰੀਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਜਿਸਦੇ ਨਤੀਜੇ ਵਜੋਂ ਪੰਜਾਬ ਦੇ ਲੋਕ ਸਿਹਤ ਪੱਖੋਂ ਖੋਖਲੇ ਹੋ ਰਹੇ ਹਨ ਅਤੇ ਪੰਜਾਬ ਦਾ ਸਮਾਜ ਪੀੜਾਂ ਦੇ ਦੌਰ ਵਿਚੋਂ ਗੁਜਰ ਰਿਹਾ ਹੈ।

ਇਨ੍ਹਾਂ ਸਮੱਸਿਆਵਾਂ ਦੀ ਜੜ੍ਹ ਅਗਿਆਨਤਾ, ਲਾਲਚ ਅਤੇ ਬੇਈਮਾਨੀ ਹੈ। ਅਗਿਆਨ ਵਸ ਆਮ ਮਨੁੱਖ ਇਹ ਸਮਝ ਰਿਹਾ ਹੈ ਕਿ ਪਾਣੀ ਕੁਦਰਤ ਦੀ ਨਾ ਮੁੱਕਣ ਵਾਲੀ ਸ਼ੈਅ ਹੈ। ਪ੍ਰੰਤੂ ਤੱਥ ਦਸਦੇ ਹਨ ਕਿ ਇਹ ਧਾਰਨਾ ਸੱਚ ਨਹੀਂ ਹੈ। ਜੌਰਡਨ ਦਾ ਇਜ਼ਰਾਕ ਨਖਲਿਸਤਾਨ ਜੋ 1980 ਵਿਚ ਹਰਾ ਭਰਾ ਸੀ ਅੱਜ ਮਾਰੂਥਲ ਹੋ ਚੁੱਕਾ ਹੈ, ਅਮਰੀਕਾ ਦੇ ਟਕਸਨ ਇਲਾਕੇ ਵਿਚ ਪਾਣੀ ਦੇ ਬੋਰਾਂ ਦੀ ਡੂੰਘਾਈ 1500 ਫੁੱਟ ਤਕ ਹੋ ਗਈ ਹੈ, ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਇਰਾਲ ਝੀਲ ਦਾ 80% ਹਿੱਸਾ ਸੁੱਕ ਚੁੱਕਾ ਹੈ ਅਤੇ ਦੁਨੀਆਂ ਦੇ ਕਈ ਇਲਾਕਿਆਂ ਵਿਚੋਂ ਧਰਤੀ ਹੇਠਲਾ ਪਾਣੀ ਖਤਮ ਹੋ ਜਾਣ ਕਾਰਨ ਧਰਤੀ ਹੇਠਾਂ ਨੂੰ ਧਸ ਰਹੀ ਹੈ। ਹੁਣ ਇਹ ਅਮਲ ਪੰਜਾਬ ਵਿਚ ਵੀ ਸ਼ੁਰੂ ਹੋ ਚੁੱਕਾ ਹੈ। ਸੰਨ 2004 ਵਿਚ ਮੋਗੇ ਦੀ ਇਕ ਔਰਤ ਦੀ ਲਾਸ਼ 35 ਫੁੱਟ ਦੀ ਡੂੰਘਾਈ ਤੋਂ ਮਿਲੀ ਅਤੇ ਹੁਣ ਜੂਨ 2008 ਵਿਚ ਜੀਂਦ ਇਲਾਕੇ ਵਿਚ ਵਾਹੀ ਕਰ ਰਿਹਾ ਇਕ ਟਰੈਕਟਰ 20 ਫੁੱਟ ਜ਼ਮੀਨ ਵਿਚ ਧਸ ਗਿਆ। ਇਸ ਤੋਂ ਇਲਾਵਾ ਦੂਸ਼ਿਤ ਪਾਣੀ ਦੀ ਵਰਤੋਂ ਨਾਲ ਪੰਜਾਬ ਦੇ ਲੋਕਾਂ ਦੇ ਨਸਲੀ ਗੁਣਾਂ ਵਿਚ ਤਬਦੀਲੀ ਆਉਣ ਦੇ ਅੰਦਾਜੇ ਵੀ ਲਾਏ ਜਾ ਰਹੇ ਹਨ। ਸੋ ਅੱਜ ਪਾਣੀ ਦੀ ਸਮੱਸਿਆ ਸਿਰਫ ਪੰਜਾਬ ਦੇ ਕਿਸਾਨਾਂ ਦੀ ਨਾ ਹੋ ਕੇ ਸਮੂਹ ਪੰਜਾਬੀਆਂ ਦੀ ਸਮੱਸਿਆ ਬਣ ਚੁੱਕੀ ਹੈ ਤੇ ਕੁੱਲ ਮਿਲਾ ਕੇ ਸਮੁੱਚੇ ਜੀਵਨ ਦੀ ਹੋਂਦ ’ਤੇ ਪ੍ਰਸ਼ਨ ਚਿੰਨ੍ਹ ਲੱਗ ਚੁੱਕਾ ਹੈ।

ਵਰਤਮਾਨ ਸਮੇਂ ਵਿਚ ਪੰਜਾਬ ਦੇ ਪਾਣੀ ਦੇ ਸਮੱਸਿਆ ਦਾ ਦੁਖਦਾਈ ਪਹਿਲੂ ਇਹ ਹੈ ਕਿ ਕੋਈ ਵੀ ਵੱਡੀ ਧਿਰ ਇਸ ਮਸਲੇ ਨੂੰ ਹੱਲ ਕਰਨ ਲਈ ਸੰਜੀਦਾ ਨਹੀਂ ਹੈ। ਭਾਰਤ ਸਰਕਾਰ ਬੇਈਮਾਨੀ ਨਾਲ ਪੰਜਾਬ ਦੇ ਪਾਣੀਆਂ ਨੂੰ ਲੁੱਟ ਰਹੀ ਹੈ। ਪੰਜਾਬ ’ਤੇ ਰਾਜ ਕਰਨ ਵਾਲੀਆਂ ਸਿਆਸੀ ਧਿਰਾਂ ਪੰਜਾਬ ਦੇ ਹੱਕ ਵਿਚ ਖੜ੍ਹਨ ਦੀ ਜੁਰਅਤ ਨਹੀਂ ਕਰ ਰਹੀਆਂ ਅਤੇ ਲੋਕਾਈ ਇਸ ਸਮੱਸਿਆ ਪ੍ਰਤੀ ਜਾਗਰੂਕ ਨਹੀਂ ਹੈ।

ਸੋ ਅੱਜ ਅਸੀਂ ਪੰਜਾਬ ਦੇ ਪਾਣੀਆਂ ਦੀ ਸਮੱਸਿਆ ਦੇ ਵੱਖ-ਵੱਖ ਪਹਿਲੂਆਂ, ਉਨ੍ਹਾਂ ਦੇ ਕਾਰਨਾਂ, ਪ੍ਰਭਾਵਾਂ ਅਤੇ ਠੋਸ ਹੱਲਾਂ ਉੱਪਰ ਵਿਚਾਰ ਕਰਨ ਲਈ ਇਹ ਕਿਤਾਬਚਾ ਪੰਜਾਬ ਵਾਸੀਆਂ ਦੇ ਸਾਹਮਣੇ ਪੇਸ਼ ਕਰ ਰਹੇ ਹਾਂ, ਤਾਂ ਕਿ ਅਸੀਂ ਸਮੇਂ ਸਿਰ ਜਾਗਰੂਕ ਹੋ ਕੇ ਇਸ ਖਿੱਤੇ ਵਿੱਚ ਖਤਮ ਹੋ ਰਹੀ ਜੀਵਨ ਹੋਂਦ ਨੂੰ ਬਰਕਰਾਰ ਰੱਖ ਸਕੀਏ। ਅਸੀਂ ਆਮ ਜਨਤਾ ਨੂੰ ਅਰਜ ਕਰਦੇ ਹਾਂ ਕਿ ਪਾਣੀ ਦੀ ਸਮੱਸਿਆ ਪ੍ਰਤੀ ਆਪ ਜਾਗਰੂਕ ਹੋਣ, ਹੋਰਾਂ ਨੂੰ ਜਾਗਰੂਕ ਕਰਨ ਅਤੇ ਸਿਆਸੀ ਪਾਰਟੀਆਂ ਤੇ ਸਰਕਾਰਾਂ ਉੱਤੇ ਪਾਣੀ ਦੀ ਸਮੱਸਿਆਂ ਨੂੰ ਹੱਲ ਕਰਨ ਲਈ ਜੋਰ ਪਾਉਣ।

ਪੰਜਾਬ ਦੇ ਚੰਗੇ ਭਵਿੱਖ ਦੀ ਆਸ ’ਚ

ਪਰਮਜੀਤ ਸਿੰਘ ਗਾਜ਼ੀ (ਕੌਮੀ ਪ੍ਰਧਾਨ)
ਅਤੇ ਸਮੂਹ ਕੇਂਦਰੀ ਕਮੇਟੀ ਮੈਂਬਰ
ਸਿੱਖ ਸਟੂਡੈਂਟਸ ਫੈਡਰੇਸ਼ਨ

# 1. ਆਮ ਜਾਣਕਾਰੀ

**1. ਸਵਾਲ: ਲੱਖ ਏਕੜ ਫੁੱਟ (LAF) ਤੋਂ ਕੀ ਭਾਵ ਹੈ ?**

**ਜਵਾਬ:** ਅਸਲ ਵਿੱਚ ਲੱਖ ਏਕੜ ਫੁੱਟ (LAF) ਪਾਣੀ ਨੂੰ ਮਾਪਣ ਦੀ ਇੱਕ ਇਕਾਈ ਹੈ ਜਿਵੇਂ ਕਿ ਭਾਰ ਨੂੰ ਮਾਪਣ ਦੀ ਇਕਾਈ ਕਿਲੋਗ੍ਰਾਮ ਹੈ। ਜੇਕਰ ਇੱਕ ਏਕੜ ਵਿੱਚ ਇੱਕ ਫੁੱਟ ਪਾਣੀ ਖੜ੍ਹਾ ਕੀਤਾ ਜਾਵੇ ਤਾਂ ਇਸ ਨੂੰ ਇੱਕ ਏਕੜ ਫੁੱਟ ਪਾਣੀ ਕਿਹਾ ਜਾਵੇਗਾ। ਇੱਕ ਲੱਖ ਏਕੜ ਵਿੱਚ ਜੇਕਰ ਇੱਕ ਫੁੱਟ ਪਾਣੀ ਖੜ੍ਹਾ ਕੀਤਾ ਜਾਵੇ ਤਾਂ ਇਹ ਇੱਕ ਲੱਖ ਏਕੜ ਫੁੱਟ ਬਣਦਾ ਹੈ।

**2. ਸਵਾਲ: ਕੁਦਰਤੀ ਸਾਧਨਾਂ ਤੋਂ ਕੀ ਭਾਵ ਹੈ? ਇਨ੍ਹਾਂ ਦੀ ਮਾਲਕੀ ਕਿਸ ਕੋਲ ਹੁੰਦੀ ਹੈ?**

**ਜਵਾਬ:** ਕੁਦਰਤੀ ਸਾਧਨ ਉਹ ਦਾਤਾਂ ਹਨ ਜੋ ਕੁਦਰਤੀ ਤੌਰ ਉੱਪਰ ਕਿਸੇ ਖਿੱਤੇ ਨੂੰ ਮਿਲੀਆਂ ਹੁੰਦੀਆਂ ਹਨ। ਮਿਸਾਲ ਦੇ ਤੌਰ ਉੱਤੇ ਅਰਬ ਮੁਲਕਾਂ ਨੂੰ ਤੇਲ, ਬਿਹਾਰ ਨੂੰ ਕੋਲਾ, ਰਾਜਸਥਾਨ ਨੂੰ ਸੰਗਮਰਮਰ, ਪੱਥਰ ਅਤੇ ਪੰਜਾਬ ਨੂੰ ਜੀਵਨ ਰੂਪੀ ਪਾਣੀ ਦੀ ਦਾਤ ਕੁਦਰਤ ਵੱਲੋਂ ਮਿਲੀ ਹੈ। ਕੁਦਰਤੀ ਸਾਧਨਾਂ ਉੱਪਰ ਮਾਲਕੀ ਤਾਂ ਕੁਦਰਤ ਦੀ ਹੀ ਮੰਨੀ ਜਾਣੀ ਚਾਹੀਦੀ ਹੈ। ਹਾਂ, ਪਰ ਇਨ੍ਹਾਂ ਨੂੰ ਵਰਤਣ ਦਾ ਹੱਕ ਯਕੀਨਨ ਉਸ ਖਿੱਤੇ ਵਿੱਚ ਵੱਸਣ ਵਾਲੇ ਲੋਕਾਂ ਦਾ ਹੀ ਹੁੰਦਾ ਹੈ। ਉਨ੍ਹਾਂ ਦੀ ਮਰਜੀ ਤੋਂ ਬਗੈਰ ਹੋਰ ਕੋਈ ਵੀ ਇਨ੍ਹਾਂ ਸਾਧਨਾਂ ਨੂੰ ਧੱਕੇ ਨਾਲ ਨਹੀਂ ਵਰਤ ਸਕਦਾ।

**3. ਸਵਾਲ: ਅੰਤਰ-ਸੂਬਾਈ ਦਰਿਆ ਤੋਂ ਕੀ ਭਾਵ ਹੈ?**

**ਜਵਾਬ:** ਜੋ ਦਰਿਆ ਇਕ ਸੂਬੇ ਦੀਆਂ ਹੱਦਾਂ ਤੋਂ ਪਾਰ ਦੂਜੇ ਸੂਬੇ ਦੀਆਂ ਹੱਦਾਂ ਵਿਚ ਦਾਖਲ ਹੋ ਜਾਵੇ ਉਸਨੂੰ ਅੰਤਰ-ਸੂਬਾਈ ਦਰਿਆ ਕਹਿੰਦੇ ਹਨ। ਜਿਨ੍ਹਾਂ ਰਾਜਾਂ ਵਿਚੋਂ ਇਹ ਦਰਿਆ ਨਹੀਂ ਲੰਘਦਾ ਉਨ੍ਹਾਂ ਲਈ ਇਹ ਦਰਿਆ ਅੰਤਰ-ਸੂਬਾਈ ਨਹੀਂ ਹੋ ਸਕਦਾ। ਜਿਵੇਂ ਪੰਜਾਬ ਦੇ ਰਾਵੀ, ਬਿਆਸ ਅਤੇ ਸਤਲੁਜ ਦਰਿਆ ਹਰਿਆਣਾ ਅਤੇ ਰਾਜਸਥਾਨ ਦੇ ਲਈ ਅੰਤਰ-ਸੂਬਾਈ ਦਰਿਆ ਨਹੀਂ ਹਨ ਕਿਉਂਕਿ ਇਨ੍ਹਾਂ ਦਾ ਕੋਈ ਵੀ ਹਿੱਸਾ ਉਪਰੋਕਤ ਦੋਵਾਂ ਸੂਬਿਆਂ ਵਿਚ ਦਾਖਲ ਨਹੀਂ ਹੁੰਦਾ।

**4. ਸਵਾਲ: ਰਾਇਪੇਰੀਅਨ ਤੋਂ ਕੀ ਭਾਵ ਹੈ? ਦਰਿਆਈ ਪਾਣੀਆਂ ਦੀ ਵੰਡ ਸਬੰਧੀ ਰਾਇਪੇਰੀਅਨ ਸਿਧਾਂਤ ਕੀ ਕਹਿੰਦਾ ਹੈ?**

**ਜਵਾਬ:** ਰਾਇਪੇਰੀਅਨ ਅੰਗਰੇਜ਼ੀ ਭਾਸ਼ਾ ਦਾ ਸ਼ਬਦ ਹੈ ਜੋ ਲਾਤੀਨੀ ਭਾਸ਼ਾ ਦੇ ਸ਼ਬਦ 'ਰਿਪਾ' ਤੋਂ ਬਣਿਆ ਹੈ। ਰਿਪਾ ਦਾ ਅਰਥ ਹੁੰਦਾ ਹੈ ਕੰਢਾ ਜਾਂ ਕਿਨਾਰਾ। ਇਸ ਤਰ੍ਹਾਂ ਰਾਇਪੇਰੀਅਨ ਦਾ ਅਰਥ ਹੈ (ਦਰਿਆ ਦੇ) ਕੰਢੇ/ਕਿਨਾਰੇ ਦਾ ਜਾਂ ਦਰਿਆ ਦਾ। ਦਰਿਆਈ ਪਾਣੀਆਂ ਦੀ ਵੰਡ ਸਬੰਧੀ ਸਭ ਤੋਂ ਬੁਨਿਆਦੀ ਸਵਾਲ ਇਹ ਹੈ

ਕਿ ਕਿਸੇ ਦਰਿਆ ਦੇ ਪਾਣੀ ਨੂੰ ਵਰਤਣ ਦਾ ਹੱਕ ਕਿਹੜੇ ਦੇਸ਼, ਸੂਬੇ ਜਾਂ ਖੇਤਰ ਦਾ ਹੋਵੇ। ਇਸ ਸਵਾਲ ਦੇ ਹੱਲ ਲਈ ਰਾਇਪੇਰੀਅਨ ਸਿਧਾਂਤ ਦਾ ਵਿਕਾਸ ਹੋਇਆ। ਇਹ ਸਿਧਾਂਤ ਇਸ ਅਸੂਲ ਉੱਤੇ ਅਧਾਰਤ ਹੈ ਕਿ ਕਿਸੇ ਦਰਿਆ ਦੇ ਪਾਣੀ ਨੂੰ ਵਰਤਣ ਦਾ ਹੱਕ ਸਿਰਫ ਉਸ ਦਰਿਆ ਦੇ ਕੰਢੇ ਵੱਸਣ ਵਾਲੇ ਲੋਕਾਂ ਦਾ ਹੁੰਦਾ ਹੈ। ਇਸ ਅਨੁਸਾਰ ਕੌਮਾਂਤਰੀ ਖੇਤਰ ਵਿੱਚ ਕਿਸੇ ਦਰਿਆ ਦੇ ਪਾਣੀ ਨੂੰ ਵਰਤਣ ਦਾ ਹੱਕ ਸਿਰਫ ਉਸ ਦੇਸ਼ ਜਾਂ ਸੂਬੇ ਦਾ ਸਮਝਿਆ ਜਾਵੇ ਜਿਸ ਵਿੱਚ ਦੀ ਜਾਂ ਲਾਗੇ ਦੀ ਉਹ ਦਰਿਆ ਲੰਘਦਾ ਹੋਵੇ। ਇਹ ਸਿਧਾਂਤ ਜਿੱਥੇ ਕੌਮਾਂਤਰੀ ਮਾਨਤਾ ਰੱਖਦਾ ਹੈ ਉੱਥੇ ਇਹ ਕੁਦਰਤੀ ਅਸੂਲਾਂ ਦੇ ਅਨੁਸਾਰੀ ਵੀ ਹੈ। ਜੋ ਲੋਕ ਦਰਿਆਵਾਂ ਦੇ ਕੰਢਿਆਂ ਉੱਪਰ ਵਸਦੇ ਹਨ ਉਹ ਦਰਿਆਵਾਂ ਦਾ ਮਾਰੂ ਰੂਪ (ਹੜ੍ਹ ਆਦਿ ਸਮੇਂ) ਸਹਾਰਦੇ ਹਨ ਤਾਂ ਜਾਹਿਰਾ ਤੌਰ ਉੱਪਰ ਦਰਿਆਵਾਂ ਤੋਂ ਮਿਲਣ ਵਾਲੇ ਨਫ਼ੇ ਦੇ ਵੀ ਉਹ ਲੋਕ ਹੀ ਹੱਕਦਾਰ ਹੋਣੇ ਚਾਹੀਦੇ ਹਨ।

**5 . ਸਵਾਲ: ਬੇਸਨ (ਜਾਂ ਨਦੀ ਖੇਤਰ) ਤੋਂ ਕੀ ਭਾਵ ਹੈ ?**

**ਜਵਾਬ:** ਕੌਮਾਂਤਰੀ ਕਾਨੂੰਨ ਸਭਾ (International Law Association) ਦੀ ਬੇਸਨ ਨਾਲ ਸਬੰਧਿਤ ਕਮੇਟੀ ਦੇ ਅਨੁਸਾਰ ਨਦੀ ਖੇਤਰ ਉਸ ਸਾਰੇ ਇਲਾਕੇ ਨੂੰ ਕਿਹਾ ਜਾਂਦਾ ਹੈ ਜਿਸ ਦੇ ਧਰਤੀ ਉੱਪਰਲੇ ਅਤੇ ਹੇਠਲੇ ਸਾਰੇ ਪਾਣੀ ਦਾ ਨਿਕਾਸ ਕੁਦਰਤੀ ਜਾਂ ਬਨਾਉਟੀ ਨਾਲੀਆਂ ਰਾਹੀਂ ਕਿਸੇ ਸਾਂਝੀ ਥਾਂ ਹੁੰਦਾ ਹੋਵੇ। ਮਿਸਾਲ ਦੇ ਤੌਰ ਉੱਤੇ ਪੁਰਾਣੇ ਪੰਜਾਬ ਦੇ ਸਾਰੇ ਛੇ ਦਰਿਆਵਾਂ ਦਾ ਨਿਕਾਸ ਸਾਂਝੇ ਤੌਰ ਉੱਪਰ ਅਰਬ ਸਾਗਰ ਵਿੱਚ ਹੁੰਦਾ ਹੈ। ਇਸ ਲਈ ਇਹ ਇੱਕ ਬੇਸਨ (ਨਦੀ ਖੇਤਰ) ਹੈ। ਕਿਉਂਕਿ ਸਿੰਧ ਪੰਜਾਬ ਦਾ ਸਭ ਤੋਂ ਵੱਡਾ ਦਰਿਆ ਹੈ, ਇਸ ਲਈ ਇਸ ਬੇਸਨ ਨੂੰ ਇੰਡਸ (ਸਿੰਧ) ਬੇਸਨ ਕਿਹਾ ਜਾਂਦਾ ਹੈ।

**6. ਸਵਾਲ: ਇੰਡਸ (ਸਿੰਧ) ਬੇਸਨ ਤੋਂ ਕੀ ਭਾਵ ਹੈ? ਇਸ ਵਿੱਚ ਕਿੰਨਾ ਪਾਣੀ ਹੈ?**

**ਜਵਾਬ:** ਇੰਡਸ (ਸਿੰਧ) ਬੇਸਨ ਤੋਂ ਭਾਵ ਸਿੰਧ ਦਰਿਆ ਅਤੇ ਇਸ ਦੇ ਸਹਾਇਕ ਦਰਿਆਵਾਂ ਦੇ ਬੇਸਨਾਂ ਦੇ ਕੁੱਲ ਖੇਤਰ ਤੋਂ ਹੈ। ਸਿੰਧ ਬੇਸਨ ਦਾ ਸਭ ਤੋਂ ਵੱਡਾ ਦਰਿਆ ਸਿੰਧ ਹੈ, ਜਿਸ ਨੂੰ ਅਟਕ ਦਰਿਆ ਵੀ ਕਿਹਾ ਜਾਂਦਾ ਹੈ ਅਤੇ ਝਨਾਬ, ਜੇਹਲਮ, ਰਾਵੀ, ਬਿਆਸ ਤੇ ਸਤਲੁਜ ਦਰਿਆ ਵੀ ਇਸੇ ਬੇਸਨ ਦਾ ਹਿੱਸਾ ਹਨ। ਹੁਣ ਦੇ ਪੰਜਾਬ (ਪੂਰਬੀ ਪੰਜਾਬ) ਦੇ ਹਿੱਸੇ ਤਿੰਨ ਦਰਿਆ ਰਾਵੀ, ਬਿਆਸ ਅਤੇ ਸਤਲੁਜ ਆਏ ਹਨ ਜਿਨ੍ਹਾਂ ਦਾ ਕੁੱਲ ਪਾਣੀ 304 ਲੱਖ ਏਕੜ ਫੁੱਟ ਹੈ। ਪੱਛਮੀ (ਪਾਕਿਸਤਾਨੀ) ਪੰਜਾਬ ਦੇ ਹਿੱਸੇ ਬਾਕੀ ਤਿੰਨ ਦਰਿਆ ਅਟਕ (ਸਿੰਧ), ਜੇਹਲਮ ਅਤੇ ਝਨਾਬ ਆਏ ਹਨ, ਜਿਨ੍ਹਾਂ ਵਿੱਚ 1430 ਲੱਖ ਏਕੜ ਫੁੱਟ ਪਾਣੀ ਹੈ। ਇਸ ਤਰ੍ਹਾਂ ਸਿੰਧ ਬੇਸਨ ਵਿੱਚ ਕੁੱਲ 1734 ਲੱਖ ਏਕੜ ਫੁੱਟ ਪਾਣੀ ਹੈ।

**7. ਸਵਾਲ: ਗੰਗ ਬੇਸਨ ਤੋਂ ਕੀ ਭਾਵ ਹੈ? ਇਸ ਵਿੱਚ ਕਿੰਨਾ ਪਾਣੀ ਹੈ ?**

**ਜਵਾਬ:** ਗੰਗ ਬੇਸਨ ਵਿੱਚ ਗੰਗਾ ਅਤੇ ਜਮੁਨਾ ਦੋ ਵੱਡੇ ਦਰਿਆ ਹਨ। ਇਸ ਤੋਂ ਇਲਾਵਾ ਇਨ੍ਹਾਂ ਦੀਆਂ ਕਈ ਛੋਟੀਆਂ ਸਹਾਇਕ ਨਦੀਆਂ ਵੀ ਇਸੇ ਬੇਸਨ ਦਾ ਹਿੱਸਾ ਹਨ। ਗੰਗ ਬੇਸਨ ਵਿੱਚ 4500 ਲੱਖ ਏਕੜ ਫੁੱਟ ਪਾਣੀ ਹੈ ਜਿਸ ਵਿੱਚੋਂ ਸਿਰਫ਼ 300 ਲੱਖ ਏਕੜ ਫੁੱਟ ਪਾਣੀ ਹੀ ਵਰਤਿਆ ਜਾਂਦਾ ਹੈ।

**8. ਸਵਾਲ: 1947 ਵਿੱਚ ਭਾਰਤੀ ਪੰਜਾਬ ਦੇ ਦਰਿਆਵਾਂ ਵਿੱਚ ਕਿੰਨਾ ਪਾਣੀ ਸੀ ਅਤੇ ਹੁਣ ਕਿੰਨਾ ਪਾਣੀ ਹੈ?**

**ਜਵਾਬ:** 1947 ਵੇਲੇ ਪੰਜਾਬ ਦੇ ਦਰਿਆਵਾਂ ਵਿੱਚ 336 ਲੱਖ ਏਕੜ ਫੁੱਟ ਪਾਣੀ ਮੌਜੂਦ ਸੀ ਜੋ ਕਿ ਮੌਸਮ ਆਦਿ ਦੀ ਤਬਦੀਲੀ ਕਾਰਨ ਹੁਣ ਘਟ ਕੇ ਸਿਰਫ 304 ਲੱਖ ਏਕੜ ਫੁੱਟ ਹੀ ਰਹਿ ਗਿਆ ਹੈ।

**9. ਸਵਾਲ: 1947 ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਪੰਜਾਬ ਦੇ ਦਰਿਆਵਾਂ ਦਾ ਕਿੰਨਾ ਪਾਣੀ ਵਰਤ ਰਹੇ ਸਨ?**

**ਜਵਾਬ:** 1947 ਵਿੱਚ ਪੰਜਾਬ 90 ਲੱਖ ਏਕੜ ਫੁੱਟ ਅਤੇ ਰਾਜਸਥਾਨ 11 ਲੱਖ ਏਕੜ ਫੁੱਟ ਪਾਣੀ ਵਰਤ ਰਿਹਾ ਸੀ ਜਦ ਕਿ ਹੁਣ ਦੇ ਹਰਿਆਣੇ ਵਾਲੇ ਖੇਤਰ ਨੂੰ ਪੰਜਾਬ ਦੇ ਦਰਿਆਵਾਂ ਵਿੱਚੋਂ ਪਾਣੀ ਦਾ ਕੋਈ ਹਿੱਸਾ ਨਹੀਂ ਸੀ ਮਿਲਦਾ। ਜ਼ਿਕਰਯੋਗ ਹੈ ਕਿ ਜੋ 11 ਲੱਖ ਏਕੜ ਫੁੱਟ ਪਾਣੀ ਰਾਜਸਥਾਨ ਨੂੰ 1947 ਵੇਲੇ ਜਾਂਦਾ ਸੀ ਉਸ ਦਾ ਇਵਜ਼ਾਨਾ (Royalty) ਰਾਜਸਥਾਨ ਪੰਜਾਬ ਨੂੰ ਅਦਾ ਕਰਦਾ ਸੀ। ਇਹ ਇਵਜ਼ਾਨਾ ਭਾਰਤ ਦੀ ਆਜ਼ਾਦੀ ਤੋਂ ਬਾਅਦ 1948 ਵਿੱਚ ਕੇਂਦਰ ਵੱਲੋਂ ਬੰਦ ਕਰਵਾ ਦਿੱਤਾ ਗਿਆ।

**10. ਸਵਾਲ: ਇਹ ਸੂਬੇ ਹੁਣ ਪੰਜਾਬ ਦੇ ਦਰਿਆਵਾਂ ਵਿੱਚੋਂ ਕਿੰਨਾ ਪਾਣੀ ਵਰਤ ਰਹੇ ਹਨ?**

**ਜਵਾਬ:** ਹੁਣ ਪੰਜਾਬ 152 ਲੱਖ ਏਕੜ ਫੁੱਟ, ਰਾਜਸਥਾਨ 90 ਲੱਖ ਏਕੜ ਫੁੱਟ ਅਤੇ ਹਰਿਆਣਾ 59.5 ਲੱਖ ਏਕੜ ਫੁੱਟ ਦਰਿਆਈ ਪਾਣੀ ਵਰਤ ਰਿਹਾ ਹੈ।

**11. ਸਵਾਲ: ਪੰਜਾਬ ਦੇ ਦਰਿਆਵਾਂ ਦਾ ਕਿੰਨਾ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ?**

**ਜਵਾਬ:** ਸੰਨ 2001-2002 ਦੌਰਾਨ ਪਾਕਿਸਤਾਨ ਵਿੱਚ ਸਿਰਫ 0.2 ਲੱਖ ਏਕੜ ਫੁੱਟ ਪਾਣੀ ਗਿਆ।

**12. ਸਵਾਲ: ਪੰਜਾਬ ਨੂੰ ਕਿੰਨੇ ਪਾਣੀ ਦੀ ਜਰੂਰਤ ਹੈ ?**

**ਜਵਾਬ:** ਪੰਜਾਬ ਨੂੰ ਖੇਤੀ ਲਈ 390 ਲੱਖ ਏਕੜ ਫੁੱਟ (LAF) ਪਾਣੀ ਦੀ ਜਰੂਰਤ ਹੈ। ਘਰੇਲੂ ਅਤੇ ਉਦਯੋਗ ਲਈ ਕਰੀਬ 60 ਲੱਖ ਏਕੜ ਫੁੱਟ ਪਾਣੀ ਚਾਹੀਦਾ ਹੈ। ਇਸ ਤਰ੍ਹਾਂ ਪੰਜਾਬ ਨੂੰ ਕੁੱਲ 450 ਲੱਖ ਏਕੜ ਫੁੱਟ ਪਾਣੀ ਦੀ ਜਰੂਰਤ ਹੈ। ਜੇਕਰ ਪੰਜਾਬ ਦੇ ਸਾਰੇ ਦਰਿਆਵਾਂ ਦਾ ਪਾਣੀ ਜੋ ਕਿ 304 ਲੱਖ ਏਕੜ ਫੁੱਟ ਦੇ ਕਰੀਬ ਹੈ, ਪੰਜਾਬ ਵਰਤ ਵੀ ਲਵੇ ਤਾਂ ਵੀ ਲਗਭਗ 150 ਲੱਖ ਏਕੜ ਫੁੱਟ ਪਾਣੀ

ਦੀ ਕਮੀ ਹੈ।

**13. ਸਵਾਲ: ਹਰਿਆਣਾ ਨੂੰ ਮੌਜੂਦਾ ਸਮੇਂ ਵਿੱਚ ਕੁੱਲ ਕਿੰਨੇ ਪਾਣੀ ਦੀ ਜਰੂਰਤ ਹੈ ?**

**ਜਵਾਬ:** ਹਰਿਆਣੇ ਨੂੰ ਖੇਤੀ ਲਈ 274 ਲੱਖ ਏਕੜ ਫੁੱਟ ਪਾਣੀ ਦੀ ਜਰੂਰਤ ਹੈ ਜਦਕਿ ਇਸ ਸੂਬੇ ਨੂੰ ਘਰੇਲੂ ਅਤੇ ਉਦਯੋਗਿਕ ਵਰਤੋਂ ਲਈ 41 ਲੱਖ ਏਕੜ ਫੁੱਟ ਪਾਣੀ ਦੀ ਜਰੂਰਤ ਹੈ। ਇਸ ਤਰ੍ਹਾਂ ਹਰਿਆਣੇ ਨੂੰ ਕੁੱਲ 295 ਲੱਖ ਏਕੜ ਫੁੱਟ ਪਾਣੀ ਦੀ ਜਰੂਰਤ ਹੈ।

**14. ਸਵਾਲ: ਪੰਜਾਬ ਵਿਚ ਕਿਹੜੀਆਂ-2 ਨਹਿਰਾਂ ਹਨ ?**

**ਜਵਾਬ**

| ਨਹਿਰ | | ਦਰਿਆ | ਡੈਮ |
|---|---|---|---|
| 1. | ਅੱਪਰਬਾਰੀ ਦੁਆਬ ਨਹਿਰ | ਰਾਵੀ | ਮਾਧੋਪੁਰ |
| 2. | ਸ਼ਾਹ ਨਹਿਰ | ਬਿਆਸ | ਤਲਵਾੜਾ |
| 3. | ਸਰਹੰਦ ਨਹਿਰ | ਸਤਲੁਜ-ਬਿਆਸ | ਰੋਪੜ |
| 4. | ਬਿਸਤ ਦੁਆਬ ਨਹਿਰ | ਸਤਲੁਜ-ਬਿਆਸ | ਰੋਪੜ |
| 5. | ਪੂਰਬੀ ਨਹਿਰ | ਸਤਲੁਜ-ਬਿਆਸ | ਹਰੀਕੇ |
| 6. | ਸਰਹੰਦ ਫੀਡਰ | ਸਤਲੁਜ-ਬਿਆਸ-ਰਾਵੀ | ਹਰੀਕੇ |
| 7. | ਭਾਖੜਾ ਨਹਿਰ* | ਸਤਲੁਜ-ਬਿਆਸ | ਨੰਗਲ |

*ਭਾਖੜਾ ਨਹਿਰ ਦਾ ਵੱਡਾ ਹਿੱਸਾ ਹਰਿਆਣਾ ਅਤੇ ਰਾਜਸਥਾਨ ਨੂੰ ਜਾਂਦਾ ਹੈ।

**15. ਸਵਾਲ: ਹਰਿਆਣਾ ਵਿੱਚ ਕਿਹੜੀਆਂ-2 ਨਹਿਰਾਂ ਹਨ ?**

**ਜਵਾਬ:**

| ਨਹਿਰ | | ਦਰਿਆ | ਡੈਮ |
|---|---|---|---|
| 1. | ਪੱਛਮੀ ਯਮੁਨਾ ਨਹਿਰ | ਯਮੁਨਾ | ਥਾਜੇਵਾਲ |
| 2. | ਭਾਖੜਾ ਨਹਿਰ | ਸਤਲੁਜ-ਬਿਆਸ | ਨੰਗਲ |
| 3. | ਗੁੜਗਾਓਂ ਨਹਿਰ | ਯਮੁਨਾ | ਓਕਲਾ |
| 4. | ਆਗਰਾ ਨਹਿਰ | ਯਮੁਨਾ | ਓਕਲਾ |
| 5. | ਸਰਸਵਤੀ ਨਹਿਰ | ਸਰਸਵਤੀ ਨਦੀ | ਮੁਰਤਜ਼ਾਪੁਰ |
| 6. | ਮਾਰਕੰਡਾ ਨਹਿਰ | ਮਾਰਕੰਡਾ ਨਦੀ | ਜਲਵੇੜਾ |
| 7. | ਘੱਗਰ ਨਹਿਰ | ਘੱਗਰ ਨਦੀ | ਓਟੂ |

**16. ਸਵਾਲ: ਰਾਜਸਥਾਨ ਵਿੱਚ ਕਿਹੜੀਆਂ-2 ਨਹਿਰਾਂ ਹਨ ?**
**ਜਵਾਬ:**

| ਨਹਿਰ | | ਦਰਿਆ | ਡੈਮ |
|---|---|---|---|
| 1. | ਰਾਜਸਥਾਨ ਫੀਡਰ | ਸਤਲੁਜ-ਬਿਆਸ-ਰਾਵੀ | ਹਰੀਕੇ |
| 2. | ਬੀਕਾਨੇਰ ਨਹਿਰ | ਸਤਲੁਜ-ਬਿਆਸ-ਰਾਵੀ | ਹਰੀਕੇ |
| 3. | ਸਰਹੰਦ ਫੀਡਰ | ਸਤਲੁਜ-ਬਿਆਸ-ਰਾਵੀ | ਹਰੀਕੇ |
| 4. | ਗੁੜਗਾਓਂ ਨਹਿਰ | ਯਮੁਨਾ | ਓਕਲਾ |
| 5. | ਭਾਖੜਾ ਨਹਿਰ | ਸਤਲੁਜ-ਬਿਆਸ | ਨੰਗਲ |

***

## 2. ਪਾਣੀ ਦੀ ਵੰਡ ਸਬੰਧੀ ਕਾਨੂੰਨ/ਨਿਯਮ/ਸਮਝੌਤੇ

**1. ਸਵਾਲ: ਦਰਿਆਈ ਪਾਣੀਆਂ ਦੀ ਵੰਡ ਸੰਬੰਧੀ ਕੌਮਾਂਤਰੀ ਪੱਧਰ ਦੇ ਕਾਨੂੰਨ ਕਿਹੜੇ-ਕਿਹੜੇ ਹਨ?**

**ਜਵਾਬ:** ਦਰਿਆਈ ਪਾਣੀਆਂ ਦੀ ਵੰਡ ਲਈ ਵਰਤੇ ਜਾਂਦੇ ਕੌਮਾਂਤਰੀ ਕਾਨੂੰਨ ਨੂੰ ਹੇਲਸਿੰਕੀ ਨਿਯਮਾਂਵਲੀ ਕਿਹਾ ਜਾਂਦਾ ਹੈ। ਸਾਰੀ ਦੁਨੀਆਂ ਵਿੱਚ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਝਗੜਿਆਂ ਨਾਲ ਨਜਿੱਠਣ ਲਈ ਹੁਣ ਇਹ ਨਿਯਮਾਂਵਲੀ ਹੀ ਲਾਗੂ ਕੀਤੀ ਜਾਂਦੀ ਹੈ। ਇਹ ਕਾਨੂੰਨ ਰਾਇਪੇਰੀਅਨ ਸਿਧਾਂਤ ਉੱਪਰ ਅਧਾਰਤ ਹੈ। ਇਸ ਤੋਂ ਭਾਵ ਹੈ ਕਿ ਪਾਣੀ ਨੂੰ ਵਰਤਣ ਦਾ ਸਭ ਤੋਂ ਪਹਿਲਾ ਹੱਕ ਉਸ ਦਰਿਆਂ ਦੇ ਕੰਢਿਆਂ ਉੱਪਰ ਵੱਸਣ ਵਾਲੇ ਲੋਕਾਂ ਦਾ ਹੁੰਦਾ ਹੈ। ਇਸ ਨਿਯਮਾਵਲੀ ਅਨੁਸਾਰ ਜਦੋਂ ਸਾਂਝੇ ਬੇਸਨ ਵਾਲੇ ਸੂਬਿਆਂ ਦਰਮਿਆਨ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਵਿਵਾਦ ਖੜ੍ਹੇ ਹੋ ਜਾਣ ਤਾਂ ਉਨ੍ਹਾਂ ਦੇ ਹੱਲ ਲਈ ਹੇਠ ਲਿਖੀਆਂ ਗੱਲਾਂ ਵਿਚਾਰੀਆਂ ਜਾਣੀਆਂ ਚਾਹੀਦੀਆਂ ਹਨ:

**ੳ.** ਬੇਸਨ ਦੀ ਭੂਗੋਲਿਕ ਬਣਤਰ ਵਿਚਾਰੀ ਜਾਵੇ। ਇਸ ਤਹਿਤ ਵੱਖ-ਵੱਖ ਸੂਬਿਆਂ ਦੇ ਨਿਕਾਸ ਖੇਤਰ ਵੱਲ ਖਾਸ ਤਵੱਜੋ ਦਿੱਤੀ ਜਾਵੇ।

**ਅ.** ਬੇਸਨ ਵਿੱਚ ਪੈਂਦੇ ਹਰੇਕ ਸੂਬੇ ਵਿੱਚ ਪਾਣੀ ਦੀ ਉਪਲਬਧਤਾ ਅਤੇ ਇਨ੍ਹਾਂ ਵੱਲੋਂ ਦਰਿਆਈ ਪਾਣੀ ਵਿੱਚ ਪਾਇਆ ਜਾਂਦਾ ਹਿੱਸਾ।

**ੲ.** ਬੇਸਨ ਨੂੰ ਪ੍ਰਭਾਵਿਤ ਕਰਨ ਵਾਲਾ ਮੌਸਮ।

**ਸ.** ਬੇਸਨ ਦੇ ਪਾਣੀ ਦੀ ਪੁਰਾਣੀ ਵਰਤੋਂ ਅਤੇ ਖਾਸ ਕਰਕੇ ਮੌਜੂਦਾ ਵਰਤੋਂ।

**ਹ.** ਬੇਸਨ ਵਿਚ ਪੈਂਦੇ ਹਰੇਕ ਸੂਬੇ ਦੀਆਂ ਸਮਾਜਿਕ ਅਤੇ ਆਰਥਿਕ ਲੋੜਾਂ।

**ਕ.** ਬੇਸਨ ਵਿੱਚ ਪੈਂਦੇ ਹਰੇਕ ਸੂਬੇ ਦੀ ਪਾਣੀ ਉੱਪਰ ਨਿਰਭਰ ਜਨਸੰਖਿਆ ਕਿੰਨੀ ਹੈ?

**ਖ.** ਬੇਸਨ ਵਿੱਚ ਪੈਂਦੇ ਸੂਬਿਆਂ ਵਿੱਚੋਂ ਹਰੇਕ ਵੱਲੋਂ ਕਿਸੇ ਹੋਰ ਸਾਧਨ ਦੁਆਰਾ ਆਪਣੀਆਂ ਸਮਾਜਿਕ ਅਤੇ ਆਰਥਿਕ ਜਰੂਰਤਾਂ ਪੂਰੀਆਂ ਕਰਨ ਉੱਤੇ ਆਉਣ ਵਾਲੀ ਲਾਗਤ।

**ਗ.** ਹੋਰਨਾਂ ਸਾਧਨਾਂ ਦੀ ਉਪਲਬਧਤਾ।

**ਘ.** ਬੇਸਨ ਦੇ ਪਾਣੀ ਦੀ ਦੁਰਵਰਤੋਂ ਨੂੰ ਕਿੰਝ ਰੋਕਿਆ ਜਾ ਸਕਦਾ ਹੈ।

**ਙ.** ਝਗੜੇ ਨੂੰ ਸੁਲਝਾਉਣ ਲਈ ਕਿਸੇ ਇੱਕ ਜਾਂ ਦੂਸਰੇ ਸੂਬੇ ਨੂੰ ਮੁਆਵਜਾ ਦਿੱਤੇ ਜਾਣ ਦੀ ਸੰਭਾਵਨਾ ਅਤੇ

**ਚ.** ਕਿਸ ਪੱਧਰ ਤੱਕ ਇੱਕ ਸੂਬਾ ਦੂਸਰੇ ਸੂਬੇ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਏ

ਬਿਨ੍ਹਾਂ ਆਪਣੀ ਜਰੂਰਤਾਂ ਪੂਰੀਆਂ ਕਰ ਸਕਦਾ ਹੈ?

ਇੱਥੇ ਇਹ ਗੱਲ ਦੱਸਣ ਯੋਗ ਹੈ ਕਿ ਹੇਲਸਿੰਕੀ ਨਿਯਮਾਂਵਲੀ ਅਨੁਸਾਰ ਵੀ ਦਰਿਆਈ ਪਾਣੀਆਂ ਦੀ ਵੰਡ ਦਾ ਝਗੜਾ ਸਿਰਫ ਸਾਂਝੇ ਬੇਸਨ ਵਾਲੇ ਸੂਬਿਆਂ ਦਰਮਿਆਨ ਹੀ ਉੱਠ ਸਕਦਾ ਹੈ।

**2. ਸਵਾਲ: ਦਰਿਆਈ ਪਾਣੀਆਂ ਦੀ ਵੰਡ ਸਬੰਧੀ ਭਾਰਤੀ ਵਿਧਾਨ ਅਤੇ ਕਾਨੂੰਨ ਕੀ ਕਹਿੰਦੇ ਹਨ?**

**ਜਵਾਬ:** ਭਾਰਤ ਵਿੱਚ ਲਿਖਤੀ ਸੰਵਿਧਾਨ ਹੈ ਜੋ ਇਸ ਮੁਲਕ ਦਾ ਮੁੱਢਲਾ ਕਾਨੂੰਨ ਮੰਨਿਆ ਜਾਂਦਾ ਹੈ। ਇਹ ਸੰਵਿਧਾਨ ਅਤੇ ਇਸ ਤਹਿਤ ਬਣਾਏ ਗਏ ਕਾਨੂੰਨ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਕੌਮਾਂਤਰੀ ਨਿਯਮਾਂ ਜਿਵੇਂ ਰਾਇਪੇਰੀਅਨ ਸਿਧਾਂਤ (Riparian Rule) ਅਤੇ ਨਦੀ ਖੇਤਰ ਸੰਕਲਪ (Basin Concept) ਨੂੰ ਮੰਨਦੇ ਹਨ।

ਭਾਰਤੀ ਸੰਵਿਧਾਨ ਤਹਿਤ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਹੱਕੀ ਦਾਇਰਿਆਂ ਦੀ ਵੰਡ ਕੀਤੀ ਗਈ ਹੈ। ਇਸ ਤਹਿਤ ਸੱਤਵੇਂ ਸ਼ਡਿਊਲ ਵਿੱਚ ਤਿੰਨ ਸੂਚੀਆਂ ਬਣਾਈਆਂ ਗਈਆਂ ਹਨ। ਪਹਿਲੀ ਸੂਚੀ ਕੇਂਦਰ ਦੀ ਸੂਚੀ ਹੈ ਇਸ ਵਿੱਚ ਦਿੱਤੀਆਂ ਸਾਰੀਆਂ ਮੱਦਾਂ ਬਾਰੇ ਸਿਰਫ ਕੇਂਦਰ ਹੀ ਕਾਨੂੰਨ ਬਣਾ ਸਕਦਾ ਹੈ। ਦੂਸਰੀ ਸੂਚੀ ਸੂਬਿਆਂ ਦੀ ਸੂਚੀ ਹੈ ਜਿਸ ਤਹਿਤ ਇਸ ਸੂਚੀ ਦੀ ਹਰ ਮੱਦ ਉੱਪਰ ਸਿਰਫ ਸੂਬੇ ਨੂੰ ਹੀ ਕਾਨੂੰਨ ਬਣਾਉਣ ਦਾ ਹੱਕ ਹੈ। ਤੀਸਰੀ ਸੂਚੀ ਸਾਂਝੀ ਸੂਚੀ ਹੈ ਜਿਸ ਤਹਿਤ ਕੇਂਦਰ ਜਾਂ ਸੂਬਾ, ਦੋਹਾਂ ਵਿੱਚੋਂ ਕੋਈ ਵੀ, ਕਾਨੂੰਨ ਬਣਾ ਸਕਦਾ ਹੈ।

ਦੂਸਰੀ ਸੂਚੀ ਦੀ 17ਵੀਂ ਮੱਦ ਤਹਿਤ ਪਾਣੀ, ਪਾਣੀ ਦੀ ਸਪਲਾਈ, ਸਿੰਜਾਈ, ਭੰਡਾਰਣ, ਨਿਕਾਸ ਅਤੇ ਪਾਣੀ ਤੋਂ ਪੈਦਾ ਹੋਣ ਵਾਲੀ ਬਿਜਲੀ ਸੂਬਿਆਂ ਦੇ ਅਖਤਿਆਰ ਵਿੱਚ ਆਉਂਦੇ ਹਨ। ਸਿੱਧੇ ਲਫ਼ਜ਼ਾਂ ਵਿੱਚ ਕੇਂਦਰ ਇਨ੍ਹਾਂ ਮਸਲਿਆਂ ਸਬੰਧੀ ਕਾਨੂੰਨ ਨਹੀਂ ਬਣਾ ਸਕਦਾ।

ਪਹਿਲੀ ਸੂਚੀ ਦੀ ਮੱਦ 56 ਅਨੁਸਾਰ ਕੇਂਦਰ ਅੰਤਰ-ਸੂਬਾਈ ਦਰਿਆ ਅਤੇ ਦਰਿਆ ਘਾਟੀਆਂ ਦੇ ਪਾਣੀ ਨਿਯੰਤਰਣ ਅਤੇ ਵਿਕਾਸ ਲਈ ਕਾਨੂੰਨ ਬਣਾ ਸਕਦਾ ਹੈ। ਇਸ ਮੱਦ ਤਹਿਤ ਕੇਂਦਰ ਨੇ ਰਿਜ਼ਰਵ ਬੋਰਡਜ਼ ਐਕਟ 1956 ਬਣਾਇਆ ਹੈ। ਇਹ ਐਕਟ ਸਪੱਸ਼ਟ ਕਰਦਾ ਹੈ ਕਿ ਮੱਦ 56 ਸਿਰਫ ਉਨ੍ਹਾਂ ਦਰਿਆਵਾਂ ਤੇ ਹੀ ਲਾਗੂ ਹੁੰਦੀ ਹੈ ਜਿਹੜੇ ਦਰਿਆ ਅੰਤਰ-ਸੂਬਾਈ ਦਰਿਆ ਹੋਣ,

ਭਾਵ ਜਿਹੜੇ ਦਰਿਆ ਇੱਕ ਤੋਂ ਵੱਧ ਸੂਬਿਆਂ ਵਿੱਚੋਂ ਲੰਘਦੇ ਹੋਣ।

ਅੰਤਰ-ਸੂਬਾਈ ਦਰਿਆਈ ਪਾਣੀਆਂ ਦੀ ਵੰਡ ਦੇ ਝਗੜਿਆਂ ਨਾਲ ਨਜਿੱਠਣ ਲਈ ਧਾਰਾ 262 ਭਾਰਤੀ ਵਿਧਾਨ ਵਿੱਚ ਦਰਜ ਕੀਤੀ ਗਈ ਹੈ। ਇਸ ਅਨੁਸਾਰ ਜਦੋਂ ਅੰਤਰ-ਸੂਬਾਈ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਝਗੜਾ ਹੋਵੇ ਤਾਂ ਇਸ ਨੂੰ ਨਿਪਟਾਉਣ ਲਈ ਕੇਂਦਰ ਕਾਨੂੰਨ ਬਣਾ ਸਕਦਾ ਹੈ। ਇਸ ਧਾਰਾ ਤਹਿਤ ਕੇਂਦਰ ਵੱਲੋਂ ਅੰਤਰ-ਸੂਬਾਈ ਦਰਿਆਈ ਪਾਣੀਆਂ ਦੇ ਝਗੜਿਆਂ ਸਬੰਧੀ ਕਾਨੂੰਨ 1956 (Interstate River Water Dispute Act, 1956) ਬਣਾਇਆ ਗਿਆ ਹੈ। ਇਹ ਕਾਨੂੰਨ ਅਤੇ ਧਾਰਾ 262 ਸਿਰਫ ਅੰਤਰ-ਸੂਬਾਈ ਦਰਿਆਈ ਪਾਣੀਆਂ ਦੇ ਝਗੜਿਆਂ ਉੱਪਰ ਹੀ ਲਾਗੂ ਹੁੰਦੀ ਹੈ।

ਇਸ ਤੋਂ ਇਲਾਵਾ ਸਾਂਝੀ ਸੰਸਦੀ ਕਮੇਟੀ ਨੇ ਸੰਵਿਧਾਨ ਦਾ ਖਰੜਾ ਪੇਸ਼ ਕਰਦੇ ਸਮੇਂ ਆਪਣੀ ਰਿਪੋਰਟ ਵਿਚ ਲਿਖਿਆ ਸੀ ਕਿ:
**ਜਿਹੜੇ ਦਰਿਆ ਇਕ ਸੂਬੇ ਵਿਚ ਪੈਂਦੇ ਹੋਣ ਉਹ ਸੂਬੇ ਉਹਨਾਂ ਦਰਿਆਵਾਂ ਦਾ ਪਾਣੀ ਵਰਤਣ ਦਾ ਪੂਰਨ ਹੱਕ ਰੱਖਦੇ ਹਨ। ਰਾਜ ਆਪਣੀਆਂ ਲੋੜਾਂ ਦੀ ਪੂਰਤੀ ਲਈ ਗੁਆਂਢੀ ਸੂਬਿਆਂ ਦੀਆਂ ਲੋੜਾਂ ਨੂੰ ਅੱਖੋਂ ਪਰੋਖੇ ਕਰਕੇ ਪਾਣੀ ਆਪਣੀ ਮਰਜੀ ਅਨੁਸਾਰ ਵਰਤ ਸਕਦਾ ਹੈ।** ਕੇਂਦਰ ਸਰਕਾਰ ਨੇ ਪੰਜਾਬ ਦੇ ਪਾਣੀਆਂ ਦੀ ਵੰਡ ਸੰਬੰਧੀ ਇਹਨਾਂ ਕਾਨੂੰਨਾਂ ਦੀਆਂ ਧੱਜੀਆਂ ਉਡਾਈਆਂ ਹਨ।

**3. ਸਵਾਲ: ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਸੰਬੰਧੀ ਬਣੇ ਕਾਨੂੰਨਾਂ ਬਾਰੇ ਬੁਨਿਆਦੀ ਜਾਣਕਾਰੀ ਦਿਓ। ਧਾਰਾ 78, 79 ਅਤੇ 80 ਕੀ ਹਨ?**

**ਜਵਾਬ:** ਜਦੋਂ 1966 ਵਿੱਚ ਪੰਜਾਬ ਵੰਡਿਆ ਗਿਆ, ਜਿਸ ਤਹਿਤ ਹੁਣ ਦਾ ਪੰਜਾਬ, ਹਰਿਆਣਾ ਅਤੇ ਹਿਮਾਚਲ ਸੂਬੇ ਹੋਂਦ ਵਿੱਚ ਆਏ, ਤਾਂ ਇਸ ਵੰਡ ਸਬੰਧੀ ਜੋ ਕਾਨੂੰਨ ਬਣਾਇਆ ਗਿਆ ਉਸ ਨੂੰ ਪੰਜਾਬ ਪੁਨਰਗਠਨ ਕਾਨੂੰਨ 1966 (Punjab Reorganization Act,1966) ਦਾ ਨਾਂ ਦਿੱਤਾ ਗਿਆ। ਇਸ ਕਾਨੂੰਨ ਵਿੱਚ ਪਾਣੀਆਂ ਦੀ ਵੰਡ ਅਤੇ ਵਿਕਾਸ ਸਬੰਧੀ ਧਾਰਾ 78, 79 ਅਤੇ 80 ਰੱਖੀਆਂ ਗਈਆਂ ਹਨ। ਇਨ੍ਹਾਂ ਧਾਰਾਵਾਂ ਰਾਹੀਂ ਭਾਖੜਾ-ਬਿਆਸ ਮੈਨੇਜਮੈਂਟ ਬੋਰਡ, ਪੰਜਾਬ ਦੇ ਦਰਿਆਈ ਪਾਣੀਆਂ, ਇਸ ਨਾਲ ਹੋਣ ਵਾਲੀ ਸਿੰਚਾਈ ਅਤੇ ਇਸ ਪਾਣੀ ਤੋਂ ਪੈਦਾ ਹੋਣ ਵਾਲੀ ਬਿਜਲੀ ਸਬੰਧੀ ਸਾਰੇ ਅਖਤਿਆਰ ਕੇਂਦਰ ਨੇ ਆਪਣੇ ਅਧੀਨ ਲੈ ਲਏ। ਇਹ ਤਿੰਨੇ ਧਰਾਵਾਂ ਮੂਲ ਰੂਪ ਵਿੱਚ ਭਾਰਤੀ ਸੰਵਿਧਾਨ

ਦੇ ਉਲਟ ਹਨ। ਇਨ੍ਹਾਂ ਧਾਰਾਵਾਂ ਤਹਿਤ ਕੇਂਦਰ ਵੱਲੋਂ ਪੰਜਾਬ (ਸੂਬੇ) ਦੇ ਅਧਿਕਾਰ ਖੇਤਰ ਉੱਪਰ ਕਬਜਾ ਕੀਤਾ ਗਿਆ ਹੈ ਜੋ ਸੰਵਿਧਾਨ ਦੀ ਭਾਵਨਾ ਦੇ ਵਿਰੁੱਧ ਹੈ। ਇਸੇ ਲਈ ਜਨਵਰੀ 1982 ਵਿੱਚ ਇਨ੍ਹਾਂ ਧਰਾਵਾਂ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਇੱਕ ਰਿੱਟ ਰਾਹੀਂ ਚੁਣੌਤੀ ਦਿੱਤੀ ਗਈ ਸੀ ਪਰ ਬਹੁਤ ਹੀ ਸਾਜਿਸ਼ੀ ਤਰੀਕੇ ਨਾਲ ਇਹ ਕੇਸ ਸੁਪਰੀਮ ਕੋਰਟ ਵਿੱਚ ਤਬਦੀਲ ਕਰ ਲਿਆ ਗਿਆ ਅਤੇ ਅੱਜ ਸਦੀ ਦੇ ਇੱਕ ਚੌਥਾਈ ਤੋਂ ਵੱਧ ਸਮਾਂ ਬੀਤ ਜਾਣ ਤੱਕ ਵੀ ਇਸ ਕੇਸ ਉੱਪਰ ਅੱਗੇ ਕੋਈ ਕਾਰਵਾਈ ਨਹੀਂ ਹੋਈ।

**4. ਸਵਾਲ: ਭਾਰਤ ਵਿੱਚ ਹੋਰਾਂ ਰਾਜਾਂ ਵਿੱਚ ਪੈਦਾ ਹੋਏ ਦਰਿਆਈ ਪਾਣੀਆਂ ਦੀ ਵੰਡ ਬਾਰੇ ਝਗੜਿਆਂ ਅਤੇ ਉਨ੍ਹਾਂ ਬਾਰੇ ਹੋਏ ਸਮਝੌਤਿਆਂ ਦੀ ਜਾਣਕਾਰੀ ਦਿਓ?**

**ਜਵਾਬ:**

**ਨਰਮਦਾ ਨਦੀ ਜਲ ਵਿਵਾਦ:**

ਗੁਜਰਾਤ, ਮਹਾਰਾਸ਼ਟਰ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਸੂਬਿਆ ਦਰਮਿਆਨ ਨਰਮਦਾ ਨਦੀ ਦੇ ਪਾਣੀ ਦੀ ਵੰਡ ਨੂੰ ਲੈ ਕੇ ਵਿਵਾਦ ਹੋਇਆ, ਜਿਸ ਨੂੰ ਹੱਲ ਕਰਨ ਲਈ ਨਰਮਦਾ ਟ੍ਰਿਬਿਊਨਲ ਬਣਾਇਆ ਗਿਆ ਹੈ। ਇਸ ਟ੍ਰਿਬਿਊਨਲ ਨੇ ਗੁਜਰਾਤ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿਚਕਾਰ ਤਾਂ ਪਾਣੀ ਦੀ ਵੰਡ ਕਰ ਦਿੱਤੀ ਪਰ ਰਾਜਸਥਾਨ ਦੇ ਦਾਅਵੇ ਨੂੰ ਮੂਲੋਂ ਹੀ ਰੱਦ ਕਰ ਦਿੱਤਾ। ਅਸਲ ਵਿੱਚ ਗੁਜਰਾਤ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਨਰਮਦਾ ਨਦੀ ਦੇ ਰਾਇਪੇਰੀਅਨ ਸੂਬੇ ਹਨ ਅਤੇ ਰਾਜਸਥਾਨ ਨਰਮਦਾ ਦਾ ਰਾਇਪੇਰੀਅਨ ਸੂਬਾ ਨਹੀਂ ਹੈ। ਇਸ ਤਰ੍ਹਾਂ ਨਰਮਦਾ ਜਲ ਵਿਵਾਦ ਦਾ ਹੱਲ ਰਾਇਪੇਰੀਅਨ ਨਿਯਮ ਮੁਤਾਬਕ ਕੀਤਾ ਗਿਆ।

**ਕ੍ਰਿਸ਼ਨਾ ਨਦੀ ਦਾ ਮਸਲਾ:**

ਇਹ ਮਸਲਾ ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿਚਕਾਰ ਕ੍ਰਿਸ਼ਨਾ ਨਦੀ ਦੇ ਪਾਣੀ ਦੀ ਵੰਡ ਨੂੰ ਲੈ ਕੇ ਸ਼ੁਰੂ ਹੋਇਆ ਸੀ। ਇਸ ਮਸਲੇ ਨੂੰ ਹੱਲ ਕਰਨ ਲਈ ਸੰਨ 1969 ਵਿੱਚ ਟ੍ਰਿਬਿਊਨਲ ਬਣਾਇਆ ਗਿਆ ਜਿਸ ਨੇ ਰਾਇਪੇਰੀਅਨ ਨਿਯਮ ਮੁਤਾਬਿਕ ਇਨ੍ਹਾਂ ਤਿੰਨਾਂ ਸੂਬਿਆਂ ਵਿਚ ਪਾਣੀ ਦੀ ਵੰਡ ਕੀਤੀ।

**<u>ਕਾਵੇਰੀ ਜਲ ਵਿਵਾਦ:</u>**

ਕਾਵੇਰੀ ਮਸਲਾ ਕਰਨਾਟਕ, ਤਾਮਿਲਨਾਡੂ ਅਤੇ ਕੇਰਲ ਵਿਚਕਾਰ ਪੈਦਾ ਹੋਇਆ ਅਤੇ ਇਹ ਮਸਲਾ ਵੀ ਰਾਇਪੇਰੀਅਨ ਕਾਨੂੰਨ ਮੁਤਾਬਿਕ ਹੀ ਹੱਲ ਕੀਤਾ ਗਿਆ।

**5. ਸਵਾਲ: ਵਿਸ਼ਵ ਪੱਧਰ ਦੇ ਦਰਿਆਈ ਪਾਣੀਆਂ ਦੇ ਝਗੜਿਆਂ ਸੰਬੰਧੀ ਕੁਝ ਚਾਨਣਾ ਪਾਓ?**

**ਜਵਾਬ: <u>ਨੀਲ ਨਦੀ ਜਲ ਵਿਵਾਦ:</u>**

ਨੀਲ ਨਦੀ ਮਿਸਰ ਅਤੇ ਸੁਡਾਨ ਦੇਸ਼ਾਂ ਵਿਚੋਂ ਲੰਘਦੀ ਹੈ। 1925 ਵਿੱਚ ਇਨ੍ਹਾਂ ਮੁਲਕਾਂ ਦਰਮਿਆਨ ਨੀਲ ਨਦੀ ਦੇ ਪਾਣੀ ਦੀ ਵੰਡ ਨੂੰ ਲੈ ਕੇ ਉੱਠੇ ਝਗੜੇ ਨੂੰ ਰਾਇਪੇਰੀਅਨ ਨਿਯਮ ਮੁਤਾਬਿਕ ਹੱਲ ਕੀਤਾ ਗਿਆ ਸੀ।

**<u>ਡਨੂਬ ਦਰਿਆ ਦੇ ਪਾਣੀ ਦੀ ਵੰਡ ਦਾ ਮਸਲਾ:</u>**

ਇੱਕ ਹੋਰ ਕੌਮਾਂਤਰੀ ਪੱਧਰ ਉੱਪਰ ਦਰਿਆਈ ਪਾਣੀਆਂ ਦੀ ਵੰਡ ਦਾ ਮਹੱਤਵਪੂਰਨ ਮਸਲਾ ਡਨੂਬ ਦਰਿਆ ਨਾਲ ਸਬੰਧਿਤ ਹੈ ਜੋ ਬਲਗਾਰੀਆ, ਚੈਕੋਸਲਵਾਕੀਆ, ਹੰਗਰੀ, ਰੁਮਾਨੀਆ, ਰੂਸ ਅਤੇ ਯੋਗੋਸਲਾਵੀਆ ਵਿਚੋਂ ਲੰਘਦਾ ਹੈ। ਇਹ ਮਸਲਾ ਵੀ ਰਾਇਪੇਰੀਅਨ ਨਿਯਮ ਮੁਤਾਬਿਕ ਹੀ ਹੱਲ ਕੀਤਾ ਗਿਆ ਹੈ।

**6. ਸਵਾਲ: ਇੰਡਸ ਪਾਣੀ ਸੰਧੀ (1960) ਕੀ ਕਹਿੰਦੀ ਹੈ?**

**ਜਵਾਬ:** 1947 ਵਿੱਚ ਭਾਰਤ ਪਾਕਿਸਤਾਨ ਦੀ ਵੰਡ ਤੋਂ ਬਾਅਦ ਪੰਜਾਬ ਦੇ 6 ਦਰਿਆਵਾਂ ਸਿੰਧ, ਝਨਾਬ, ਜਿਹਲਮ, ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀਆਂ ਦੀ ਵੰਡ ਨੂੰ ਲੈ ਕੇ ਦੋਹਾਂ ਦੇਸ਼ਾਂ ਵਿਚਕਾਰ ਵਿਵਾਦ ਸ਼ੁਰੂ ਹੋ ਗਿਆ। ਹਾਲਾਤ ਜਿਆਦਾ ਵਿਗੜਦੇ ਵੇਖ ਕੇ ਵਰਲਡ ਬੈਂਕ ਨੇ ਵਿਚੋਲਗੀ ਕਰਕੇ ਦੋਹਾਂ ਦੇਸ਼ਾਂ ਵਿਚਕਾਰ 1960 ਵਿਚ ਇੱਕ ਸਮਝੌਤਾ ਕਰਾ ਦਿੱਤਾ। ਇਸ ਸਮਝੌਤੇ ਨੂੰ ਇੰਡਸ ਵਾਟਰ ਸੰਧੀ 1960 ਕਿਹਾ ਜਾਂਦਾ ਹੈ। ਇਸ ਸੰਧੀ ਮੁਤਾਬਿਕ ਰਾਵੀ, ਬਿਆਸ ਅਤੇ ਸਤਲੁਜ ਤਿੰਨਾਂ ਦਰਿਆਵਾਂ ਦਾ ਪਾਣੀ ਪੂਰਬੀ ਪੰਜਾਬ ਨੂੰ ਵਰਤਣ ਲਈ ਮਿਲੇਗਾ। ਸਿੰਧ, ਝਨਾਬ ਅਤੇ ਜਿਹਲਮ ਤਿੰਨੇ ਪੱਛਮੀ ਦਰਿਆਵਾਂ ਦਾ ਪਾਣੀ ਪੱਛਮੀ (ਪਾਕਿਸਤਾਨੀ) ਪੰਜਾਬ ਨੂੰ ਵਰਤਣ ਲਈ ਮਿਲੇਗਾ।

***

# 3. ਪਾਣੀ ਦਾ ਮਹੱਤਵ ਅਤੇ ਪਾਣੀ ਦੀ ਅਣਹੋਂਦ ਦੇ ਨਤੀਜੇ

**1. ਸਵਾਲ: ਪਾਣੀ ਦੇ ਮਹੱਤਵ ਬਾਰੇ ਦੱਸੋ।**

**ਜਵਾਬ:** ਪਾਣੀ ਇਸ ਜਹਾਨ ਉੱਤੇ ਇੱਕ ਬੇਸ਼ਕੀਮਤੀ ਸ਼ੈਅ ਹੈ। ਜਹਾਨ ਉੱਤੇ ਜੀਵਨ ਦੇ ਪੰਜ ਮੁੱਢਲੇ ਤੱਤਾਂ (ਪਾਣੀ, ਹਵਾ, ਧਰਤੀ, ਅੱਗ ਅਤੇ ਅਕਾਸ਼) ਵਿੱਚੋਂ ਪਾਣੀ ਇੱਕ ਹੈ। ਗੁਰਬਾਣੀ ਅਨੁਸਾਰ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਗਿਆ ਹੈ ਜਿਵੇਂ ਪਿਤਾ ਤੋਂ ਬਿਨਾਂ ਸੰਤਾਨ ਨਹੀਂ ਤਿਵੇਂ ਪਾਣੀ ਤੋਂ ਜੀਵਨ ਵੀ ਨਹੀਂ ਹੋ ਸਕਦਾ। ਪਾਣੀ ਦੇ ਅੰਤ ਦਾ ਭਾਵ ਧਰਤੀ ਉੱਤੇ ਜੀਵਨ ਦਾ ਅੰਤ ਹੈ।

ਸੁਲਵਾਕੀਆ ਦੇ ਵਿਗਿਆਨੀ ਕਾਰਵਿਕ ਅਨੁਸਾਰ ਜਿਨ੍ਹਾਂ ਥਾਵਾਂ ਉੱਤੇ ਪਾਣੀ ਖਤਮ ਹੋ ਰਿਹਾ ਹੈ ਉਨ੍ਹਾਂ ਥਾਵਾਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਧਰਤੀ ਉੱਤੇ ਪਾਣੀ ਘਟਣ ਨਾਲ ਸੋਕੇ ਅਤੇ ਧਰਤੀ ਦੇ ਤਾਪਮਾਨ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਜਿਸ ਨਾਲ ਵਾਤਾਵਰਨ ਵਿੱਚ ਵੱਡੀ ਤਬਦੀਲੀ, ਧਰਤੀ ਦੇ ਧਰੁਵਾਂ ਉੱਤੇ ਸਦੀਆਂ ਤੋਂ ਜੰਮੀ ਹੋਈ ਬਰਫ਼ ਦਾ ਪਿਘਲਣਾ, ਵਾਯੂਮੰਡਲ ਦੁਆਰਾ ਸੂਰਜ ਤੋਂ ਆਉਣ ਵਾਲੀਆਂ ਹਾਨੀਕਾਰਕ ਕਿਰਨਾਂ ਨੂੰ ਰੋਕਣ ਦੀ ਸਮਰੱਥਾ ਵਿਚ ਗਿਰਾਵਟ, ਸਮੁੰਦਰ ਦੇ ਪਾਣੀ ਦੇ ਪੱਧਰ ਦਾ ਵੱਧਣਾ, ਬਹੁਤ ਸਾਰੀ ਧਰਤੀ ਦਾ ਸਮੁੰਦਰੀ ਪਾਣੀ ਹੇਠਾਂ ਆਉਂਣਾ, ਮਾਰੂਥਲਾਂ ਵਿੱਚ ਭਾਰੀ ਵਾਧਾ ਭਾਵ ਧਰਤੀ ਦਾ ਅੰਤ।

ਮਨੁੱਖ ਦੀ ਆਰਥਿਕ ਤਰੱਕੀ, ਸੱਭਿਆਚਾਰਕ ਉਨਤੀ, ਅਧਿਆਤਮਕ ਵਿਗਾਸ ਅਤੇ ਤੰਦਰੁਸਤ ਸਿਹਤ ਦਾ ਆਧਾਰ ਪਾਣੀ ਹੈ। ਕਿਸੇ ਵੀ ਖਿੱਤੇ ਦੀ ਆਰਥਿਕ ਤਰੱਕੀ ਦੇ ਸਾਧਨ ਖੇਤੀ ਅਤੇ ਉਦਯੋਗ ਹਨ, ਜਿਨ੍ਹਾਂ ਦੀ ਉਨਤੀ ਪਾਣੀ ਤੋਂ ਬਿਨਾਂ ਸੰਭਵ ਨਹੀਂ ਹੈ। ਕਿਸੇ ਵੀ ਸੱਭਿਆਚਾਰ ਨੂੰ ਆਪਣੀ ਭਰਪੂਰ ਤਰੱਕੀ ਲਈ ਸਭ ਤੋਂ ਲੋੜੀਂਦੀ ਸ਼ੈਅ ਪਾਣੀ ਹੈ। ਇਸ ਲਈ ਦੁਨੀਆਂ ਦੇ ਸਾਰੇ ਵੱਡੇ ਸ਼ਹਿਰ ਪਾਣੀ ਦੇ ਕਿਸੇ ਨਾ ਕਿਸੇ ਸਰੋਤਾਂ ਦੇ ਕੰਢੇ ਉੱਤੇ ਵਸੇ ਹੁੰਦੇ ਹਨ। ਕਿਉਂਕਿ ਪਾਣੀ ਤੋਂ ਬਿਨਾਂ ਅਨਾਜ ਪੈਦਾ ਨਹੀਂ ਹੋ ਸਕਦਾ ਹੈ ਅਤੇ ਅਨਾਜ ਦੀ ਅਣਹੋਂਦ ਨਾਲ ਕੋਈ ਸੱਭਿਅਤਾ ਵਸ ਨਹੀਂ ਸਕਦੀ। ਦੁਨੀਆਂ ਦੇ ਇਸ ਖਿੱਤੇ ਦੇ ਮਹਾਂਪੁਰਸ਼ਾਂ ਦੀ ਅਧਿਆਤਮਕ ਪ੍ਰਾਪਤੀ ਦਾ ਜਾਮਨ ਵੀ ਜਲ ਰਿਹਾ ਹੈ। ਮਹਾਂਪੁਰਖ ਇਨ੍ਹਾਂ ਦਰਿਆਵਾਂ ਦੇ ਕੰਢਿਆਂ ਉੱਤੇ ਭਗਤੀ ਕਰਕੇ ਪ੍ਰਵਾਨ ਚੜ੍ਹੇ ਹਨ। ਮਨੁੱਖ ਦੇ ਤੰਦਰੁਸਤ ਰਹਿਣ ਲਈ ਜ਼ਰੂਰੀ ਹੈ ਕਿ ਮਨੁੱਖ ਨੂੰ ਸ਼ੁੱਧ ਪਾਣੀ ਮੁਹੱਈਆ ਹੋਵੇ।

ਪਾਣੀ ਸ਼ੁੱਧ ਨਾ ਹੋਣ ਦੀ ਸੂਰਤ ਵਿਚ ਕੈਂਸਰ, ਪੀਲੀਆ, ਹੈਜ਼ਾ, ਨਾ-ਮਰਦੀ, ਬਾਂਝਪਨ ਅਤੇ ਹੋਰ ਪੇਟ ਦੀਆਂ ਬਿਮਾਰੀਆਂ ਵਿਆਪਕ ਰੂਪ ਵਿਚ ਫੈਲ ਰਹੀਆਂ ਹਨ।

**2. ਸਵਾਲ: ਪਾਣੀ ਦੀ ਘਾਟ ਕਾਰਨ ਦੁਨੀਆਂ ਦੇ ਵੱਖ-ਵੱਖ ਸ਼ਹਿਰਾਂ ਜਾਂ ਦੇਸ਼ਾਂ ਵਿੱਚ ਵਾਪਰ ਰਹੀਆਂ ਤਬਦੀਲੀਆਂ ਬਾਰੇ ਜਾਣਕਾਰੀ ਦਿਉ ?**

**ਜਵਾਬ:** ਉਂਝ ਤਾਂ ਕੈਨੇਡਾ ਤੋਂ ਬਿਨਾ ਦੁਨੀਆਂ ਦੇ ਸਾਰੇ ਦੇਸ਼ਾਂ ਵਿੱਚ ਪਾਣੀ ਦੀ ਕਮੀ ਮਹਿਸੂਸ ਕੀਤੀ ਜਾਣ ਲਗੀ ਹੈ, ਪਰ 31 ਦੇਸ਼ਾਂ ਵਿੱਚ ਪਾਣੀ ਦੀ ਸਮੱਸਿਆ ਬਹੁਤ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ। ਇੱਥੇ ਅਸੀਂ ਉਨ੍ਹਾਂ ਕੁੱਝ ਖਾਸ ਥਾਵਾਂ ਦਾ ਜਿਕਰ ਕਰਾਂਗੇ ਜਿੱਥੇ ਪਾਣੀ ਬਿਲਕੁਲ ਖਤਮ ਹੋ ਚੁਕਾ ਹੈ ਜਾਂ ਖਤਮ ਹੋਣ ਦੇ ਕਿਨਾਰੇ ਹੈ।

1. ਅਮਰੀਕਾ ਦੇ ਟਕਸਨ ਇਲਾਕੇ ਵਿੱਚ ਪਾਣੀ ਦੀ ਦੁਰਵਰਤੋਂ ਕਾਰਨ ਪਾਣੀ ਦਾ ਜਮੀਨਦੋਜ਼ ਪੱਧਰ 1500 ਫੁੱਟ ਤੱਕ ਡੂੰਘਾ ਹੋ ਗਿਆ ਹੈ। ਜਿਸ ਕਾਰਨ ਹੁਣ ਇਹ ਸ਼ਹਿਰ ਆਪਣੇ ਲੋਕਾਂ ਨੂੰ ਖੇਤੀ ਅਤੇ ਪੀਣ ਲਈ ਪਾਣੀ ਕੋਲਰਾਡੋ ਨਦੀ ਤੋਂ ਖਰੀਦ ਕੇ ਦੇ ਰਿਹਾ ਹੈ।

2. ਮੈਕਸੀਕੋ ਸ਼ਹਿਰ ਦੇ ਦੁਆਲੇ ਪਿਛਲੀ ਸਦੀ ਵਿੱਚ ਐਨਾ ਪਾਣੀ ਸੀ ਕਿ ਇਹ ਇਕ ਟਾਪੂ ਦੀ ਤਰ੍ਹਾਂ ਲੱਗਦਾ ਸੀ। ਪਾਣੀ ਦੀ ਦੁਰਵਰਤੋਂ ਕਾਰਨ ਅੱਜ ਸਥਿਤੀ ਇਹ ਹੈ ਕਿ ਸ਼ਹਿਰ ਦੇ ਆਲੇ ਦੁਆਲੇ ਦਾ ਪਾਣੀ ਤਾਂ ਖਤਮ ਹੋ ਹੀ ਗਿਆ ਹੈ ਸਗੋਂ ਧਰਤੀ ਹੇਠਲਾ ਪਾਣੀ ਆਉਣ ਵਾਲੇ ਦਸ ਸਾਲਾਂ ਵਿੱਚ ਮੁੱਕਣ ਕਿਨਾਰੇ ਹੈ। ਇਸ ਸ਼ਹਿਰ ਦੇ ਜਮੀਨਦੋਜ਼ ਪਾਣੀ ਦੇ ਪਹਿਲੇ ਪੱਤਣ ਦੇ ਖਤਮ ਹੋ ਜਾਣ ਕਾਰਨ ਅੱਜ ਇਹ ਸ਼ਹਿਰ ਇਕ ਸਾਲ ਵਿੱਚ ਲਗਭਗ 20 ਇੰਚ ਧਰਤੀ ਵਿੱਚ ਧੱਸ ਜਾਂਦਾ ਹੈ। ਭਾਵ ਇਹ ਸ਼ਹਿਰ ਗਰਕ ਹੋ ਰਿਹਾ ਹੈ। ਹੁਣ ਤੱਕ ਇਹ ਸ਼ਹਿਰ 30 ਫੁੱਟ ਜ਼ਮੀਨ ਵਿੱਚ ਧੱਸ ਚੁੱਕਿਆ ਹੈ।

3. ਇਸਰਾਈਲ ਦੀ ਹੁਲ੍ਹੇ ਘਾਟੀ ਵਿੱਚ ਧਰਤੀ ਹੇਠਲਾ ਪਾਣੀ ਖਤਮ ਹੋ ਚੁੱਕਾ ਹੈ। ਜਮੀਨਦੋਜ਼ ਪਾਣੀ ਦਾ ਹੇਠਲਾ ਪੱਧਰ ਖਤਮ ਹੋ ਜਾਣ ਕਾਰਨ ਉਸ ਪੱਤਣ ਵਿੱਚ ਵੱਡੇ-ਵੱਡੇ ਟੋਏ ਬਣ ਜਾਂਦੇ ਹਨ। ਜਿਸ ਕਾਰਨ ਇਸ ਘਾਟੀ ਵਿੱਚ 2 ਮੀਟਰ ਤੋਂ ਲੈ ਕੇ ਪੂਰੇ-ਪੂਰੇ ਘਰ ਇਹਨਾਂ ਟੋਇਆਂ ਵਿੱਚ ਧੱਸ ਰਹੇ ਹਨ ਭਾਵ ਧਰਤੀ ਵਿੱਚ ਗਰਕ ਰਹੇ ਹਨ।

4. ਜੌਰਡਨ ਵਿੱਚ ਇੱਕ ਅਜਰਾਕ ਨਾਂ ਦਾ ਇਕ ਨਖਲਿਸਤਾਨ ਹੋਇਆ ਕਰਦਾ

ਸੀ। 1980 ਵਿੱਚ ਜੌਰਡਨ ਨੇ ਇਸ ਨਖਲਿਸਤਾਨ ਤੋਂ ਪਾਣੀ ਕੱਢਣਾ ਸ਼ੁਰੂ ਕੀਤਾ। ਅੱਜ ਇਸ ਨਖਲਿਸਤਾਨ ਵਿੱਚ ਪਾਣੀ ਦੀ ਇੱਕ ਬੂੰਦ ਵੀ ਨਹੀਂ ਹੈ। ਇਹ ਗੰਦਗੀ ਦੇ ਢੇਰ ਵਿਚ ਬਦਲ ਚੁਕਾ ਹੈ।

5. ਲਿਬੀਆ ਨੇ ਆਪਣਾ ਸਾਰਾ ਜਮੀਨਦੋਜ਼ ਪਾਣੀ ਖਤਮ ਕਰ ਲਿਆ ਤੇ ਅੱਜ ਲਿਬੀਆ 1850 ਕਿਲੋਮੀਟਰ ਦੂਰ ਕੁਫਰਾ ਬੇਸਨ ਤੋਂ ਪੀਣ ਲਈ ਪਾਈਪਾਂ ਨਾਲ ਪਾਣੀ ਮੰਗਾ ਰਿਹਾ ਹੈ।

6. ਅਫਗਾਨਿਸਤਾਨ, ਇਰਾਨ ਅਤੇ ਪੰਜ ਹੋਰ ਰੂਸੀ ਦੇਸ਼ਾਂ ਦੇ ਦਰਮਿਆਨ ਦੁਨੀਆਂ ਦੀ ਚੌਥੀ ਵੱਡੀ ਝੀਲ ਫੈਲੀ ਹੋਈ ਸੀ ਜਿਸਦਾ ਨਾਂਅ ਇਰਾਲ ਸੀ। ਇਸ ਦਾ ਅੱਜ 80% ਖੇਤਰ ਸੁੱਕ ਚੁੱਕਾ ਹੈ।

ਦੁਨੀਆਂ ਵਿੱਚ ਸਭ ਤੋਂ ਵੱਧ ਤੇਜੀ ਨਾਲ ਜਿਨ੍ਹਾਂ ਥਾਵਾਂ ਦਾ ਪਾਣੀ ਖਤਮ ਹੋ ਰਿਹਾ ਹੈ ਉਨ੍ਹਾਂ ਥਾਵਾਂ ਵਿੱਚੋਂ ਪੰਜਾਬ ਵੀ ਇੱਕ ਹੈ।

**3. ਸਵਾਲ: ਪੰਜਾਬ ਵਿੱਚ ਘੱਟ ਰਹੇ ਪਾਣੀ ਦਾ ਵਾਤਾਵਰਨ 'ਤੇ ਕੀ ਮਾੜਾ ਪ੍ਰਭਾਵ ਪੈ ਰਿਹਾ ਹੈ?**

**ਜਵਾਬ:** ਪਿਛਲੇ ਕੁਝ ਸਮੇਂ ਵਿੱਚ ਦਰਿਆਵਾਂ ਵਿੱਚ ਸਹੀ ਮਾਤਰਾ ਵਿਚ ਪਾਣੀ ਨਹੀਂ ਵਗ ਰਿਹਾ ਹੈ ਜਿਸ ਦਾ ਪ੍ਰਮੁੱਖ ਕਾਰਨ ਪਣ-ਬਿਜਲੀ ਪੈਦਾਵਾਰ ਲਈ ਬਣਾਏ ਬੰਨ੍ਹ ਅਤੇ ਦੂਸਰੇ ਸੂਬਿਆਂ ਨੂੰ ਪਾਣੀ ਦੇਣ ਲਈ ਕੱਢੀਆਂ ਨਹਿਰਾਂ ਹਨ। ਇਸੇ ਕਰਕੇ ਹੀ ਪੰਜਾਬ ਵਿੱਚ ਸਿੰਚਾਈ ਲਈ ਜ਼ਮੀਨ ਹੇਠਲਾ ਪਾਣੀ ਅੰਨ੍ਹੇਵਾਹ ਵਰਤਿਆ ਜਾ ਰਿਹਾ ਹੈ। ਇਸ ਗੱਲ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ 1970 ਵਿੱਚ ਪੰਜਾਬ ਵਿੱਚ ਲਗਭਗ 1.70 ਲੱਖ ਟਿਊਬਵੈਨ ਸਨ ਜਿਨ੍ਹਾਂ ਦੀ ਸੰਖਿਆ ਹੁਣ 16 ਲੱਖ ਨੂੰ ਪਹੁੰਚ ਚੁੱਕੀ ਹੈ। ਸਿੰਚਾਈ ਦੇ ਅਪਣਾਏ ਇਸ ਮਾਡਲ ਸਦਕਾ ਹੀ ਦਰੱਖਤ ਜਾਂ ਤਾਂ ਕੱਟੇ ਜਾ ਰਹੇ ਹਨ ਜਾਂ ਸੁੱਕ ਰਹੇ ਹਨ। ਜਿੱਥੇ ਇਹ ਦਰੱਖਤ ਹਵਾ ਵਿੱਚੋਂ ਕਾਰਬਨ ਡਾਈਆਕਸਾਈਡ ਦੀ ਮਾਤਰਾ ਘਟਾਉਂਦੇ ਹਨ ਉੱਥੇ ਨਾਲ-ਨਾਲ ਹੀ ਇਹ ਬਰਸਾਤਾਂ ਲਿਆਉਣ ਵਿੱਚ ਵੀ ਸਹਾਈ ਹੁੰਦੇ ਹਨ। ਇਸ ਤੋਂ ਇਲਾਵਾ ਦਰੱਖਤਾਂ ਦੀ ਕਮੀ ਤਾਪਮਾਨ ਵਿੱਚ ਵੀ ਵਾਧਾ ਕਰਦੀ ਹੈ ਜੋ ਕਿ ਅੱਜ ਕਲ ਸਾਰੀ ਦੁਨੀਆਂ ਦੀ ਚਿੰਤਾ ਦਾ ਪ੍ਰਮੁੱਖ ਵਿਸ਼ਾ ਹੈ। ਪਿਛਲੇ ਕੁੱਝ ਸਮੇਂ ਤੋਂ ਪੰਜਾਬ ਵਿੱਚ ਮੀਂਹ ਦੀ ਘਾਟ ਦਾ ਇੱਕ ਕਾਰਨ ਇਨ੍ਹਾਂ ਦਰੱਖਤਾਂ ਦੀ ਕਮੀ ਵੀ ਹੈ। ਮਾਹਰਾਂ ਅਨੁਸਾਰ ਜੇ ਪਾਣੀ ਇਸੇ ਰਫਤਾਰ ਨਾਲ ਹੀ ਖਤਮ ਹੁੰਦਾ ਰਿਹਾ ਤਾਂ ਜਲਦ ਹੀ ਇਹ ਜਰਖੇਜ ਜਮੀਨ ਮਾਰੂਥਲ ਵਿੱਚ ਬਦਲ ਜਾਵੇਗੀ।

ਪਾਣੀ ਦੀ ਇਹ ਕਮੀ ਵਾਤਾਵਰਨ ਦਾ ਸਾਰਾ ਤਵਾਜਨ ਵਿਗਾੜ ਦੇਵੇਗੀ ਜੋ ਕਿ ਜੀਵਨ ਦੀ ਹੋਂਦ ਲਈ ਖਤਰਾ ਬਣ ਜਾਵੇਗਾ। ਕੁੱਲ ਮਿਲਾ ਕੇ ਇਹ ਕਹਿ ਸਕਦੇ ਹਾਂ ਕਿ ਜੇ ਪਾਣੀ ਇਸੇ ਤਰ੍ਹਾਂ ਹੀ ਲੁਟਾਉਣਾ ਹੈ ਤਾਂ ਜਲਦ ਹੀ ਮਾਰੂਥਲ ਵਿੱਚ ਰਹਿਣ ਦੀ ਤਿਆਰੀ ਬੰਨ ਲਵੋ।

**4. ਸਵਾਲ: ਖਰਾਬ ਪਾਣੀ ਦੀ ਵਰਤੋਂ ਨਾਲ ਪੰਜਾਬ ਦੇ ਲੋਕਾਂ ਦੀ ਸਿਹਤ ਉੱਪਰ ਕੀ ਅਸਰ ਪੈ ਰਿਹਾ ਹੈ?**

**ਜਵਾਬ:** ਇਕ ਪਾਸੇ ਤਾਂ ਧਰਤੀ ਹੇਠਲੇ ਪਾਣੀ ਦੇ ਉੱਕਾ ਹੀ ਖਤਮ ਹੋ ਜਾਣ ਦੀ ਗੱਲ ਹੈ ਤੇ ਦੂਜੇ ਪਾਸੇ ਪਾਣੀ ਹੋਣ ਦੇ ਬਾਵਜੂਦ ਵੀ ਉਸ ਦੇ ਪ੍ਰਦੂਸ਼ਿਤ ਹੋਣ ਕਰਕੇ ਵਰਤੋਂ ਯੋਗ ਨਾ ਹੋਣਾ ਹੈ। ਧਰਤੀ ਦਾ ਬਹੁਤਾ ਹਿੱਸਾ (ਲਗਭਗ 71 ਫੀਸਦੀ) ਪਾਣੀ ਨਾਲ ਢੱਕਿਆ ਹੋਇਆ ਹੈ ਪਰੰਤੂ ਇਸ ਵਿੱਚੋਂ ਕੇਵਲ 2 ਫੀਸਦੀ ਹੀ ਪੀਣ ਯੋਗ ਹੈ। ਬਾਕੀ ਸਾਰਾ ਪਾਣੀ ਮਨੁੱਖੀ ਵਰਤੋਂ ਦੇ ਯੋਗ ਨਹੀਂ ਹੈ। ਪੰਜਾਬ ਦੀ ਖੁਸ਼ਕਿਸਮਤੀ ਹੈ ਕਿ ਕੁਦਰਤ ਨੇ ਉਸਨੂੰ ਸਾਫ ਪਾਣੀ ਦੀ ਵੱਡਮੁੱਲੀ ਦਾਤ ਬਖਸ਼ੀ ਹੈ। ਪਰੰਤੂ ਅਸੀਂ ਬਹੁਤ ਛੇਤੀ ਹੀ ਸਰਕਾਰਾਂ ਦੀ ਅਣਗਹਿਲੀ ਕਰਕੇ ਇਸ ਦਾਤ ਤੋਂ ਵਾਂਝੇ ਹੋ ਸਕਦੇ ਹਾਂ। ਲੁਧਿਆਣੇ ਵਰਗੇ ਸ਼ਹਿਰ ਵਿਚ ਰੋਜ਼ਾਨਾ ਕਈ ਲੱਖ ਲੀਟਰ ਜ਼ਹਿਰੀਲਾ ਪਾਣੀ ਸਿੱਧਾ ਹੀ ਦਰਿਆਵਾਂ ਵਿੱਚ ਰੋੜ ਦਿੱਤਾ ਜਾਂਦਾ ਹੈ। ਇਸ ਦੇ ਸਿੱਟੇ ਸਦਕਾ ਲੁਧਿਆਣੇ ਵਿਖੇ ਗੰਦੇ ਨਾ਼ਲੇ ਦੇ ਆਸ ਪਾਸ ਧਰਤੀ ਹੇਠਲਾ ਪਾਣੀ ਬਿਲਕੁਲ ਹੀ ਪੀਣ ਯੋਗ ਨਹੀਂ ਰਿਹਾ ਹੈ। ਇਸ ਜ਼ਹਿਰ ਦਾ ਅਸਰ ਸ਼ਹਿਰ ਵਿਚ ਹੋਣ ਵਾਲੀਆਂ ਸਬਜ਼ੀਆਂ ਤੇ ਵੀ ਪਿਆ ਹੈ। ਇਸ ਤੋਂ ਇਲਾਵਾ ਲਗਭਗ 30 ਕੀਟਨਾਸ਼ਕ ਦਵਾਈਆਂ ਜੋ ਕਿ ਭਾਰਤ ਵਿੱਚ ਪਾਬੰਦੀ ਦੇ ਬਾਵਜੂਦ ਵੀ ਪੰਜਾਬ ਵਿੱਚ ਆਮ ਵਰਤੋਂ ਵਿਚ ਹਨ। ਇਨ੍ਹਾਂ ਦਵਾਈਆਂ ਸਦਕਾ ਜਿੱਥੇ ਮਨੁੱਖੀ ਸਿਹਤ ਉੱਤੇ ਮਾੜੇ ਪ੍ਰਭਾਵ ਪੈ ਰਹੇ ਹਨ ਅਤੇ ਨਾਲ ਹੀ ਇਹ ਪੀਣ ਵਾਲੇ ਪਾਣੀ ਵਿਚ ਵੀ ਸਮਾ ਰਹੀਆਂ ਹਨ।

ਮੁਕਤਸਰ, ਮਾਨਸਾ ਅਤੇ ਬਠਿੰਡਾ ਜਿਲ੍ਹੇ ਵਿੱਚ ਵੱਧ ਰਹੇ ਕੈਂਸਰ ਦਾ ਪ੍ਰਮੁੱਖ ਕਾਰਣ ਵੀ ਦੂਸ਼ਿਤ ਪਾਣੀ ਹੀ ਹੈ। ਇਨ੍ਹਾਂ ਜਿਲ੍ਹਿਆਂ ਵਿੱਚ ਪਾਣੀ ਵਿੱਚ ਆਰਸੈਨਿਕ ਵਰਗੇ ਜਹਿਰੀਲੇ ਪਦਾਰਥ ਪਾਏ ਗਏ ਹਨ। ਇਸ ਤੋਂ ਇਲਾਵਾ ਹੱਡੀਆਂ ਅਤੇ ਦੰਦਾਂ ਦੇ ਰੋਗ ਵੀ ਇਨ੍ਹਾਂ ਖੇਤਰਾਂ ਵਿੱਚ ਆਮ ਹੀ ਹਨ। ਇਨ੍ਹਾਂ ਖੇਤਰਾਂ ਵਿੱਚ ਪੀਣ ਵਾਲੇ ਪਾਣੀ ਲਈ ਕਈ ਪਿੰਡਾਂ ਦੇ ਲੋਕਾਂ ਨੂੰ ਅੱਠ ਤੋਂ ਦੱਸ

ਕਿਲੋਮੀਟਰ ਰੋਜ਼ਾਨਾ ਸਫਰ ਕਰਨਾ ਪੈਂਦਾ ਹੈ। ਬੰਨ੍ਹ ਬਣਾਏ ਜਾਣ ਕਾਰਨ ਅਸੀਂ ਧਰਤੀ ਹੇਠਲੇ ਪਾਣੀ ਨੂੰ ਟਿਊਬਵੈਲਾਂ ਦੁਆਰਾ ਖੇਤੀ ਅਤੇ ਪੀਣ ਲਈ ਵਰਤਿਆ। ਜਿਸ ਦਾ ਤੋਹਫਾ ਸਾਨੂੰ ਕੈਂਸਰ ਵਰਗੀਆਂ ਬਿਮਾਰੀਆਂ ਦੇ ਰੂਪ ਵਿੱਚ ਮਿਲਿਆ। ਜੇ ਅੱਜਕਲ ਪੰਜਾਬ ਦੇ ਹਸਪਤਾਲਾਂ ਵਿੱਚ ਵੇਖੀਏ ਤਾਂ ਪੀਣ ਵਾਲੇ ਗੰਦੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਕਾਲਾ ਪੀਲੀਆ, ਹੈਜਾ, ਹੈਪੇਟਾਈਟਸ, ਤਪਦਿਕ, ਹਾਈ ਬਲੱਡ ਪ੍ਰੈਸ਼ਰ ਅਤੇ ਪੇਟ ਦੀਆਂ ਬੀਮਾਰੀਆਂ ਤੋਂ ਪੀੜਤ ਮਰੀਜ ਵੱਡੀ ਸੰਖਿਆਂ ਵਿੱਚ ਮਿਲ ਜਾਣਗੇ।

ਮਨੁੱਖ ਉੱਤੇ ਨਹੀਂ ਬਲਕਿ ਦੂਸ਼ਿਤ ਪਾਣੀ ਦਾ ਮਾਰੂ ਪ੍ਰਭਾਵ ਸਾਰੇ ਵਾਤਾਵਰਨ ਤੇ ਪਸ਼ੂ-ਪੰਛੀਆਂ ਤੇ ਵੀ ਪਿਆ ਹੈ। ਹਰੀਕੇ ਵਿੱਚ ਹਜਾਰਾਂ ਟਨ ਮੱਛੀਆਂ ਦੀ ਮੌਤ ਦਾ ਪ੍ਰਮੁੱਖ ਕਾਰਨ ਵੀ ਦਰਿਆਵਾਂ ਵਿੱਚ ਰੋੜਿਆ ਜ਼ਹਿਰੀਲਾ ਪਾਣੀ ਹੀ ਹੈ। ਪੀ.ਜੀ.ਆਈ, ਚੰਡੀਗੜ੍ਹ ਦੀ ਇਕ ਰਿਪੋਰਟ ਵਿੱਚ ਇੱਥੋਂ ਤੱਕ ਕਿਹਾ ਗਿਆ ਹੈ ਕਿ ਦੂਸ਼ਿਤ ਪਾਣੀ ਦੀ ਵਰਤੋਂ ਕਾਰਨ ਪੰਜਾਬ ਦੇ ਲੋਕਾਂ ਦੇ ਡੀ.ਐਨ.ਏ. (DNA) ਵਿੱਚ ਤਬਦੀਲੀ ਆ ਰਹੀ ਹੈ ਭਾਵ ਪੰਜਾਬ ਵਿੱਚ ਮਨੁੱਖ ਦੇ ਨਸਲੀ ਗੁਣ ਹੀ ਬਦਲ ਰਹੇ ਹਨ।

**5. ਸਵਾਲ: ਪੰਜਾਬ ਵਿਚ ਜਮੀਨੀ ਪਾਣੀ ਦੀ ਕੀ ਸਥਿਤੀ ਹੈ?**

**ਜਵਾਬ:** ਪੰਜਾਬ ਦੇ ਜਮੀਨੀ ਪਾਣੀ ਦੇ ਹਾਲਾਤ ਬਹੁਤ ਜਿਆਦਾ ਗੰਭੀਰ ਹਨ। ਤਾਜਾ ਸਰਵੇਖਣਾਂ ਮੁਤਾਬਿਕ ਪੰਜਾਬ ਦੇ 138 ਵਿਚੋਂ 112 ਬਲਾਕਾਂ ਵਿੱਚ ਪਾਣੀ ਖਤਰੇ ਦੀ ਹਾਲਤ ਤੱਕ ਥੱਲੇ ਚਲਾ ਗਿਆ ਹੈ। ਬਾਕੀ ਬਚਦੇ ਬਲਾਕਾਂ ਵਿਚੋਂ ਵੀ ਬਹੁਤੇ ਉਹ ਹਨ ਜਿਨ੍ਹਾਂ ਦਾ ਪਾਣੀ ਖਾਰਾ ਹੋਣ ਕਾਰਨ ਵਰਤਣਯੋਗ ਨਹੀਂ ਹੈ।

ਧਰਤੀ ਹੇਠਲਾ ਪਾਣੀ ਕੱਢਣ ਨਾਲ ਪਾਣੀ ਵਾਲੀ ਜਗ੍ਹਾ ਖਾਲੀ ਹੋ ਜਾਂਦੀ ਹੈ। ਜਿਨ੍ਹਾਂ ਥਾਵਾਂ ਉੱਤੇ ਧਰਤੀ ਹੇਠਲੇ ਪਾਣੀ ਦੀ ਪੂਰੀ ਤਹਿ ਖਾਲੀ ਹੋ ਜਾਂਦੀ ਹੈ ਉਨ੍ਹਾਂ ਥਾਵਾਂ ਉੱਪਰ ਕਈ ਵਾਰ ਧਰਤੀ ਹੇਠਾਂ ਗਰਕ ਜਾਂਦੀ ਹੈ। ਮੈਕਸਿਕੋ ਵਿੱਚ ਧਰਤੀ ਹਰ ਸਾਲ ਕਰੀਬ 20 ਇੰਚ ਹੇਠਾਂ ਨੂੰ ਲਗਾਤਾਰ ਬੈਠਦੀ ਜਾ ਰਹੀ ਹੈ। ਇਸ ਤਰ੍ਹਾਂ ਦਲੇਹ ਘਾਟੀ ਵਿੱਚ ਧਰਤੀ ਹੇਠਲਾ ਸਾਰਾ ਪਾਣੀ ਖਤਮ ਹੋਣ ਨਾਲ ਉੱਥੇ ਵੀ ਧਰਤੀ ਹੇਠਾਂ ਨੂੰ ਗਰਕ ਰਹੀ ਹੈ। ਬਹੁਤੀ ਵਾਰ ਧਰਤੀ ਵਿੱਚ ਕੁੱਝ ਕੁ ਫੁੱਟ ਆਕਾਰ ਦਾ ਟੋਆ ਪੈ ਜਾਂਦਾ ਹੈ। ਕਈ ਵਾਰ ਪੂਰੇ ਦਾ ਪੂਰਾ ਘਰ ਤੱਕ ਗਰਕ ਹੋ ਜਾਂਦਾ ਹੈ। ਹੁਣ ਪੰਜਾਬ ਵਿੱਚ ਵੀ ਅਜਿਹੀਆਂ ਘਟਨਾਵਾਂ ਵਾਪਰਨ ਦੇ ਆਸਾਰ ਵੱਧ ਰਹੇ ਹਨ। ਪੰਜਾਬ ਦੇ ਮੋਗਾ ਜਿਲ੍ਹੇ ਵਿੱਚ ਇਸ ਤਰ੍ਹਾਂ ਦੀ ਘਟਨਾ ਵਾਪਰ ਵੀ

ਚੁੱਕੀ ਹੈ। ਉੱਥੇ ਇੱਕ ਔਰਤ ਬੰਬੀ ਉੱਪਰ ਕੱਪੜੇ ਧੋ ਰਹੀ ਸੀ। ਉਸ ਥਾਂ ਤੋਂ ਧਰਤੀ ਗਰਕ ਗਈ ਅਤੇ ਉਸ ਔਰਤ ਦੀ ਲਾਸ਼ 35 ਫੁੱਟ ਦੀ ਡੂੰਘਾਈ ਤੋਂ ਮਿਲੀ।

**6. ਸਵਾਲ: ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵੇਂ ਹੋਣ ਦੇ ਕੀ ਕਾਰਨ ਹਨ?**

ਜਵਾਬ: ਪੰਜਾਬ ਵਿਚ ਪਾਣੀ ਦਾ ਪੱਧਰ ਨੀਵਾਂ ਹੋਣ ਦੇ ਦੋ ਕਾਰਨ ਹਨ:

1. ਪਹਿਲਾ ਕਾਰਨ ਇਹ ਕਿ ਪੰਜਾਬ ਵਿਚ ਖੇਤੀ ਲਈ ਲੋੜ ਤੋਂ ਜ਼ਿਆਦਾ ਪਾਣੀ ਵਰਤਿਆ ਜਾ ਰਿਹਾ ਹੈ। ਖੇਤੀ ਵਿੱਚ ਸਭ ਤੋ ਜਿਆਦਾ ਪਾਣੀ ਝੋਨੇ ਦੀ ਫਸਲ ਲਈ ਵਰਤਿਆ ਜਾ ਰਿਹਾ ਹੈ। ਜਦਕਿ ਝੋਨਾ ਨਾ ਹੀ ਪੰਜਾਬ ਦੀ ਪਰੰਪਰਾਗਤ ਫਸਲ ਰਹੀ ਹੈ ਅਤੇ ਨਾ ਹੀ ਪੰਜਾਬ ਦੇ ਲੋਕ ਚੌਲ ਖਾਂਦੇ ਹਨ। ਕੇਂਦਰ ਸਰਕਾਰ ਸਾਉਣੀ ਦੀਆਂ ਹੋਰ ਫਸਲਾਂ ਦਾ ਸਹੀ ਮੁੱਲ ਦੇ ਕੇ ਮੰਡੀਕਰਨ ਨਹੀਂ ਕਰਦੀ, ਇੰਝ ਕਿਸਾਨਾਂ ਨੂੰ ਝੋਨਾ ਲਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ।
2. ਧਰਤੀ ਹੇਠਲੇ ਵਰਤੇ ਗਏ ਪਾਣੀ ਦੀ ਦੁਬਾਰਾ ਭਰਪਾਈ ਦਰਿਆਵਾਂ ਤੇ ਮੀਂਹ ਦੇ ਪਾਣੀ ਨਾਲ ਹੁੰਦੀ ਹੈ। ਪੰਜਾਬ ਦੇ ਦਰਿਆਵਾਂ ਦਾ ਅੱਧਾ ਪਾਣੀ ਹਰਿਆਣੇ ਅਤੇ ਰਾਜਸਥਾਨ ਨੂੰ ਦਿੱਤੇ ਜਾਣ ਕਾਰਨ ਪੰਜਾਬ ਦੇ ਦਰਿਆ ਸੁੱਕਣ ਕਿਨਾਰੇ ਹਨ। ਜਿਸ ਕਾਰਨ ਇਹ ਦਰਿਆ ਧਰਤੀ ਹੇਠਲੇ ਪਾਣੀ ਦੀ ਭਰਪਾਈ ਕਰਨ ਦੇ ਯੋਗ ਨਹੀਂ ਰਹੇ ਜਿਸਦੇ ਸਿੱਟੇ ਵੱਜੋਂ ਪਾਣੀ ਦਾ ਜਮੀਨਦੋਜ਼ ਪੱਧਰ ਹੇਠਾਂ ਡਿੱਗ ਰਿਹਾ ਹੈ।

**7. ਸਵਾਲ: ਜੇਕਰ ਝੋਨੇ ਕਾਰਨ ਪਾਣੀ ਹੇਠਾਂ ਡਿੱਗ ਰਿਹਾ ਹੈ ਤਾਂ ਝੋਨਾ ਕਿਉਂ ਬੀਜਿਆ ਜਾ ਰਿਹਾ ਹੈ?**

**ਜਵਾਬ:** ਪੰਜਾਬ ਦੇ ਲੋਕ ਆਪਣੀ ਦਿਲੀ ਇੱਛਾ ਨਾਲ ਝੋਨਾ ਨਹੀਂ ਬੀਜਦੇ ਕਿਉਂਕਿ ਨਾ ਤਾਂ ਪੰਜਾਬ ਦੇ ਲੋਕ ਚੌਲ ਖਾਂਦੇ ਹਨ ਅਤੇ ਨਾ ਹੀ ਝੋਨੇ ਲਈ ਲੋੜੀਂਦਾ ਜਲਵਾਯੂ ਪੰਜਾਬ ਵਿੱਚ ਮੌਜੂਦ ਹੈ। ਕੇਂਦਰ ਸਰਕਾਰ ਆਪਣੀਆਂ ਯੂਨੀਵਰਸਿਟੀਆਂ ਅਤੇ ਅਨਾਜ ਨੂੰ ਖਰੀਦਣ ਵਾਲੀਆਂ ਏਜੰਸੀਆਂ ਦੀ ਸਹਾਇਤਾ ਨਾਲ ਕਿਸਾਨਾਂ ਨੂੰ ਝੋਨਾ ਬੀਜਣ ਦੇ ਗਲਤ ਰਾਹ ਪਾਇਆ ਹੋਇਆ ਹੈ ਕਿਉਂਕਿ ਸਾਉਣੀ ਦੌਰਾਨ ਕੇਂਦਰ ਸਰਕਾਰ ਝੋਨੇ ਤੋਂ ਬਿਨਾਂ ਕਿਸੇ ਹੋਰ ਫਸਲ ਦਾ ਸਹੀ ਮੁੱਲ ਦੇ ਕੇ ਮੰਡੀਕਰਨ ਹੀ ਨਹੀਂ ਕਰਦੀ ਜਿਸ ਕਾਰਨ ਕਿਸਾਨਾਂ ਨੂੰ ਮਜਬੂਰੀ ਵਸ ਝੋਨਾ ਹੀ ਬੀਜਣਾ ਪੈਂਦਾ ਹੈ। ਜਿਸ ਦਾ ਨਤੀਜਾ ਪਾਣੀ ਦਾ ਜਮੀਨਦੋਜ਼ ਪੱਧਰ ਹੋਰ ਡੂੰਘਾ ਹੋਣ ਵਿਚ ਨਿਕਲਦਾ ਹੈ।

***

# 4. ਤੁਲਨਾ: ਪੰਜਾਬ ਅਤੇ ਹਰਿਆਣਾ

| ਆਧਾਰ | ਪੰਜਾਬ | ਹਰਿਆਣਾ |
|---|---|---|
| ਸੂਬੇ ਵਿੱਚ ਕੁੱਲ ਵਾਹੀਯੋਗ ਜਮੀਨ ਕਿੰਨੀ ਹੈ? | 43 ਲੱਖ 11 ਹਜ਼ਾਰ ਹੈਕਟੇਅਰ | 38 ਲੱਖ 65 ਹਜ਼ਾਰ ਹੈਕਟੇਅਰ |
| ਸੂਬੇ ਵਿੱਚ ਦਰਿਆਈ ਪਾਣੀਆਂ ਨਾਲ ਕੁੱਲ ਕਿੰਨਾ ਰਕਬਾ ਸਿੰਜਿਆ ਜਾਂਦਾ ਹੈ? | 9 ਲੱਖ 87 ਹਜ਼ਾਰ ਹੈਕਟੇਅਰ | 14 ਲੱਖ 33 ਹਜ਼ਾਰ ਹੈਕਟੇਅਰ |
| ਸੂਬੇ ਵਿੱਚ ਜ਼ਮੀਨੀ ਪਾਣੀ ਨਾਲ ਕੁੱਲ ਕਿੰਨਾ ਰਕਬਾ ਸਿੰਜਿਆ ਜਾਂਦਾ ਹੈ? | 30 ਲੱਖ 65 ਹਜ਼ਾਰ ਹੈਕਟੇਅਰ | 13 ਲੱਖ 95 ਹਜ਼ਾਰ ਹੈਕਟੇਅਰ |
| ਘਰੇਲੂ, ਉਦਯੋਗ ਅਤੇ ਖੇਤੀ ਦੀ ਵਰਤੋਂ ਲਈ ਸੂਬੇ ਨੂੰ ਕੁੱਲ ਕਿੰਨੇ ਪਾਣੀ ਦੀ ਜਰੂਰਤ ਹੈ? | 450 ਲੱਖ ਏਕੜ ਫੁੱਟ | 315 ਲੱਖ ਏਕੜ ਫੁੱਟ |
| ਸੂਬੇ ਵਿੱਚ ਕਿੰਨਾ ਜ਼ਮੀਨੀ ਪਾਣੀ ਕੱਢਿਆ ਜਾ ਸਕਦਾ ਹੈ? | 80 ਲੱਖ ਏਕੜ ਫੁੱਟ | 55 ਲੱਖ ਏਕੜ ਫੁੱਟ |
| ਸੂਬੇ ਵਿੱਚ ਜ਼ਮੀਨ ਹੇਠੋਂ ਕਿੰਨਾ ਪਾਣੀ ਕੱਢਿਆ ਜਾ ਰਿਹਾ ਹੈ ? | 200 ਲੱਖ ਏਕੜ ਫੁੱਟ | 141 ਲੱਖ ਏਕੜ ਫੁੱਟ |
| ਸੂਬਾ ਕਿੰਨਾ ਦਰਿਆਈ ਪਾਣੀ ਵਰਤ ਰਿਹਾ ਹੈ ? | 152 ਲੱਖ ਏਕੜ ਫੁੱਟ | 144 ਲੱਖ ਏਕੜ ਫੁੱਟ |
| 1947 ਵਿੱਚ ਪੰਜਾਬ ਅਤੇ ਹਰਿਆਣਾ ਪੰਜਾਬ ਦੇ ਦਰਿਆਈ ਪਾਣੀਆਂ ਦਾ ਕਿੰਨਾ ਹਿੱਸਾ ਵਰਤ ਰਹੇ ਸਨ? | 90 ਲੱਖ ਏਕੜ ਫੁੱਟ | ਕੁੱਝ ਵੀ ਨਹੀਂ |
| ਇਹ ਸੂਬੇ ਪੰਜਾਬ ਦੇ ਦਰਿਆਵਾਂ ਦਾ ਕਿੰਨਾ ਪਾਣੀ ਵਰਤ ਰਹੇ ਹਨ ? | 152 ਲੱਖ ਏਕੜ ਫੁੱਟ | 59.5 ਲੱਖ ਏਕੜ ਫੁੱਟ |
| ਸੂਬੇ ਦੇ ਪਾਣੀਆਂ, ਹੈੱਡਵਰਕਸਾਂ ਅਤੇ ਪਣ ਬਿਜਲੀ ਦਾ ਕੰਟਰੋਲ ਕਿਸ ਕੋਲ ਹੈ? | ਕੇਂਦਰ ਸਰਕਾਰ ਕੋਲ | ਖੁਦ ਹਰਿਆਣਾ ਸਰਕਾਰ ਕੋਲ |

# 5. ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ

ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ 1955 ਤੋਂ ਬੇਰੋਕ-ਟੋਕ ਜਾਰੀ ਹੈ। ਪੰਜਾਬ ਦੇ ਸਾਰੇ ਦਰਿਆਵਾਂ ਉੱਤੇ ਸਿਰਫ ਪੰਜਾਬ ਦਾ ਹੀ ਹੱਕ ਬਣਦਾ ਹੈ। ਕੋਈ ਕੁਦਰਤੀ, ਭਾਰਤੀ ਜਾਂ ਆਲਮੀ ਕਾਨੂੰਨ ਹਰਿਆਣਾ ਅਤੇ ਰਾਜਸਥਾਨ ਨੂੰ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਣ ਦਾ ਹੱਕ ਨਹੀਂ ਦਿੰਦਾ। ਭਾਰਤ ਸਰਕਾਰ ਸਿਰਫ ਆਪਣੀ ਧੱਕੇਸ਼ਾਹੀ ਨਾਲ ਪੰਜਾਬ ਦਾ ਪਾਣੀ ਪਿਛਲੇ ਛੇ ਦਹਾਕਿਆਂ ਤੋਂ ਲਗਾਤਾਰ ਲੁੱਟੀ ਜਾ ਰਹੀ ਹੈ। ਇਸ ਲੁੱਟ ਨੂੰ ਸੰਸਾਰ ਦੀਆਂ ਨਜ਼ਰਾਂ ਤੋਂ ਬਚਾਉਣ ਲਈ ਜੋ ਸਮਝੌਤੇ, ਕਾਨੂੰਨ ਅਤੇ ਚਾਲਾਂ ਭਾਰਤੀ ਸਰਕਾਰ ਨੇ ਚੱਲੀਆਂ ਹਨ ਉਨ੍ਹਾਂ ਸਬੰਧੀ ਜਾਣਕਾਰੀ ਅਤੇ ਵਿਚਾਰ ਹੇਠਾਂ ਪੇਸ਼ ਕੀਤੇ ਜਾ ਰਹੇ ਹਨ:

**1. ਸਵਾਲ: ਪੰਜਾਬ ਦੇ ਦਰਿਆਈ ਪਾਣੀਆਂ ਦੀ ਕੇਂਦਰ ਵੱਲੋਂ ਕੀਤੀ ਗਈ ਵੰਡ ਅਤੇ ਇਸ ਸੰਬੰਧੀ ਹੋਏ ਵੱਖ-ਵੱਖ ਸਮਝੌਤਿਆ ਬਾਰੇ ਮੁਢਲੀ ਜਾਣਕਾਰੀ ਦਿਓ?**

**ਜਵਾਬ:** ਇਸ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਅਸੀਂ ਇਹ ਗੱਲ ਸਪੱਸ਼ਟ ਕਰਨੀ ਚਾਹੁੰਦੇ ਹਾਂ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਕਦੇ ਵੀ ਕੋਈ ਸਹੀ ਅਰਥਾਂ ਵਿੱਚ ਸਮਝੌਤਾ ਹੋਇਆ ਹੀ ਨਹੀਂ। ਇਨ੍ਹਾਂ ਕਥਿਤ ਸਮਝੌਤਿਆਂ ਨੂੰ ਕਾਨੂੰਨ ਦੀ ਨਜ਼ਰ ਵਿਚ ਕੋਈ ਮਾਨਤਾ ਨਹੀਂ ਹੈ। ਇਨ੍ਹਾਂ ਵਿਚੋਂ ਕੋਈ ਮਹਿਜ ਕਿਸੇ ਮੀਟਿੰਗ ਦੀ ਕਾਰਵਾਈ ਹੈ ਅਤੇ ਕਿਸੇ ਉੱਪਰ ਵੀ ਪੰਜਾਬ ਦੀ ਵਿਧਾਨ ਵੱਲੋਂ ਸਹੀ ਨਹੀਂ ਪਾਈ ਗਈ ਜੋ ਕਿ ਸੂਬੇ ਵੱਲੋਂ ਕੀਤੇ ਜਾਣ ਵਾਲੇ ਸਮਝੌਤੇ ਲਈ ਲਾਜਮੀ ਹੁੰਦੀ ਹੈ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਕੇਂਦਰ ਸਰਕਾਰ ਦੁਆਰਾ ਪੰਜਾਬ ਦੇ ਦਰਿਆਵਾਂ ਦੇ ਪਾਣੀ ਦੀ ਕੀਤੀ ਵੰਡ ਪੰਜਾਬ ਨਾਲ ਹੋਏ ਧੱਕੇ ਨੂੰ ਨਸ਼ਰ ਕਰਦੀ ਹੈ। 1947 ਤੋਂ ਬਾਅਦ ਭਾਖੜਾ ਯੋਜਨਾ ਹੋਂਦ ਵਿਚ ਆਉਣ ਨਾਲ ਸਤਲੁਜ ਦਾ ਸਾਰਾ ਪਾਣੀ ਵਰਤਣ ਯੋਗ ਹੋ ਗਿਆ। ਸਤਲੁਜ ਦੇ ਕੁਲ ਪਾਣੀ ਵਿਚੋਂ ਪੰਜਾਬ ਨੂੰ 4.5 ਲੱਖ ਏਕੜ ਫੁੱਟ ਅਤੇ ਰਾਜਸਥਾਨ ਨੂੰ 13.5 ਲੱਖ ਏਕੜ ਫੁੱਟ ਦਿੱਤਾ ਗਿਆ। ਪੰਜਾਬ ਦੇ ਦਰਿਆਵਾਂ ਦਾ ਪਾਣੀ ਹਰਿਆਣੇ ਅਤੇ ਰਾਜਸਥਾਨ ਦੇ ਉਹਨਾਂ ਇਲਾਕਿਆਂ ਨੂੰ ਦਿੱਤਾ ਗਿਆ ਸੀ ਜੋ ਕਿ ਇੰਡਸ ਬੇਸਨ ਵਿਚ ਨਹੀਂ ਪੈਂਦੇ। ਅਜ਼ਾਦ ਭਾਰਤ ਵਿਚ ਇਹ ਪਾਣੀ ਦੀ ਪਹਿਲੀ ਵੰਡ ਹੈ।

ਦਰਿਆਈ ਪਾਣੀਆਂ ਦੀ ਦੂਜੀ ਵੰਡ ਦੌਰਾਨ 1955 ਵਿਚ ਰਾਵੀ-ਬਿਆਸ ਦੇ ਪਾਣੀ ਦੀ ਧੱਕੇਸ਼ਾਹੀ ਨਾਲ ਵੰਡ ਕਰਨ ਨਾਲ ਪੰਜਾਬ ਨੂੰ ਬੰਜਰ ਕਰਨ ਦਾ ਨੀਂਹ

ਪੱਥਰ ਰੱਖਿਆ ਗਿਆ। 1955 ਵਿਚ ਅਣਵਰਤੇ (158.3 ਲੱਖ ਏਕੜ ਫੁੱਟ) ਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਗਈ:

| | | |
|---|---|---|
| ਰਾਜਸਥਾਨ | : | 80 ਲੱਖ ਏਕੜ ਫੁੱਟ |
| ਪੰਜਾਬ | : | 72 ਲੱਖ ਏਕੜ ਫੁੱਟ |
| ਜੰਮੂ ਤੇ ਕਸ਼ਮੀਰ | : | 6.5 ਲੱਖ ਏਕੜ ਫੁੱਟ |

1955 ਦਾ ਸਮਝੌਤਾ ਕੇਂਦਰ ਸਰਕਾਰ ਨੇ ਦਿੱਲੀ ਵਿਚ ਉਪ ਸਕੱਤਰ ਪੱਧਰ ਦੀ ਮੀਟਿੰਗ ਵਿੱਚ ਕਰਵਾਇਆ। ਸਮਝੌਤਾ ਕਰਨ ਤੋਂ ਪਹਿਲਾਂ ਪੰਜਾਬ ਦੀ ਭਵਿੱਖ ਵਿਚ ਪਾਣੀਆਂ ਦੀ ਲੋੜ ਦਾ ਜਾਇਜ਼ਾ ਲੈਣ ਲਈ ਕੋਈ ਤਕਨੀਕੀ ਕਮੇਟੀ ਨਹੀਂ ਬਣਾਈ ਗਈ। 1955 ਵਿਚ ਪੰਜਾਬ ਨੂੰ ਅੰਗਰੇਜ਼ਾਂ ਦੁਆਰਾ ਮਿੱਥੀ ਪੁਰਾਣੀ ਲੋੜ ਮੁਤਾਬਿਕ ਹੀ ਪਾਣੀ ਦੇ ਦਿੱਤਾ ਗਿਆ। ਜਦਕਿ ਭਾਰਤ ਸਰਕਾਰ ਨੇ 1975 ਵਿਚ ਬੰਗਲਾ ਦੇਸ਼ ਨਾਲ ਗੰਗਾ ਦੇ ਪਾਣੀ ਦਾ ਸਮਝੌਤਾ ਕਰਦੇ ਸਮੇਂ 25 ਸਾਲ ਬਾਅਦ (ਸੰਨ 2000) ਦੀ ਲੋੜ ਮੁਤਾਬਿਕ ਮੰਗ ਰੱਖੀ ਸੀ। ਹਿੰਦੁਸਤਾਨ ਅੰਦਰ ਹੋਰਨਾਂ ਦਰਿਆਵਾਂ ਦੇ ਪਾਣੀ ਦੀ ਵੰਡ ਕਰਦੇ ਸਮੇਂ ਸਿਰਫ 75 ਫੀਸਦੀ ਪਾਣੀ ਨੂੰ ਹੀ ਵੰਡਿਆ ਗਿਆ ਹੈ। ਪਰ ਪੰਜਾਬ ਦੀ ਵਾਰੀ ਸਾਰਾ 100 ਫੀਸਦੀ ਪਾਣੀ ਹੀ ਵੰਡਿਆ ਗਿਆ। ਕਾਨੂੰਨ ਮੁਤਾਬਿਕ ਵੀ ਇਸ ਸਮਝੌਤੇ ਦੀ ਕੋਈ ਪ੍ਰਸੰਗਤਾ ਨਹੀਂ ਹੈ ਕਿਉਂਕਿ ਪਾਣੀ ਦੀ ਵੰਡ ਲਈ ਸਿਰਫ ਵਿਧਾਨ ਸਭਾ ਜਾਂ ਉਸ ਦੁਆਰਾ ਅਧਿਕਾਰਤ ਵਿਅਕਤੀ ਹੀ ਸਮਝੌਤਾ ਕਰ ਸਕਦਾ ਹੈ ਨਾ ਕਿ ਉਪ-ਸਕੱਤਰ। ਵੈਸੇ ਵੀ ਧਾਰਾ 299 ਅਨੁਸਾਰ ਰਾਜ ਸਰਕਾਰ ਵਿਚ ਕੀਤਾ ਕੋਈ ਵੀ ਸਮਝੌਤਾ ਰਾਜਪਾਲ ਦੁਆਰਾ ਮਨਜ਼ੂਰ ਹੋਣਾ ਚਾਹੀਦਾ ਹੈ ਜੋ ਕਿ ਨਹੀਂ ਕੀਤਾ ਗਿਆ।

1976 ਵਿਚ ਪਾਣੀ ਦੀ ਤੀਜੀ ਵੰਡ ਇੰਦਰਾ ਗਾਂਧੀ ਦੀ ਸਰਕਾਰ ਨੇ ਆਰਡੀਨੈਂਸ ਰਾਹੀਂ ਕੀਤੀ। 1955 ਵਿਚ ਪੰਜਾਬ ਨੂੰ ਦਿੱਤੇ 72 ਲੱਖ ਏਕੜ ਫੁੱਟ ਪਾਣੀ ਵਿੱਚੋਂ 35 ਲੱਖ ਏਕੜ ਫੁੱਟ ਪਾਣੀ ਹਰਿਆਣੇ ਨੂੰ, 2 ਲੱਖ ਏਕੜ ਫੁੱਟ ਦਿੱਲੀ ਨੂੰ ਦਿੱਤਾ ਗਿਆ। ਸੋ ਪੰਜਾਬ ਦੇ ਹਿੱਸੇ ਕੁੱਲ ਪਾਣੀ (158.3 ਲੱਖ ਏਕੜ ਫੁੱਟ) ਵਿਚੋਂ 35 ਲੱਖ ਏਕੜ ਫੁੱਟ ਪਾਣੀ ਆਇਆ। ਇਹ ਵੰਡ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 78 ਨੂੰ ਆਧਾਰ ਬਣਾ ਕੇ ਕੀਤੀ ਗਈ। ਅਸੀਂ ਉਪਰ ਦੱਸ ਆਏ ਹਾਂ ਕਿ ਧਾਰਾ 78 ਹੀ ਗੈਰ ਕਾਨੂੰਨੀ ਹੈ ਤਾਂ ਇਸ ਨੂੰ ਆਧਾਰ ਬਣਾ ਕੇ ਕੀਤੀ ਵੰਡ ਕਿਵੇਂ ਜਾਇਜ਼ ਹੋ ਸਕਦੀ ਹੈ? ਜੇਕਰ ਇਸ ਨੂੰ ਜਾਇਜ਼ ਮੰਨਣਾ ਵੀ ਹੋਵੇ ਤਾਂ ਇਹਨਾਂ ਧਾਰਾਵਾਂ ਅਨੁਸਾਰ ਸਿਰਫ ਬਿਆਸ ਦਰਿਆ ਦਾ ਪਾਣੀ ਹਰਿਆਣਾ

ਵਿਚਕਾਰ ਵੰਡਿਆ ਜਾ ਸਕਦਾ ਹੈ। ਪਰ 1976 ਦੇ ਨੋਟੀਫਿਕੇਸ਼ਨ ਅਨੁਸਾਰ ਬਿਆਸ ਦੇ ਨਾਲ ਨਾਲ ਰਾਵੀ ਦਾ ਪਾਣੀ ਵੀ ਵੰਡ ਦਿੱਤਾ ਜਿਸ ਦਾ ਕਿ ਪੰਜਾਬ ਪੁਨਰਗਠਨ ਐਕਟ 1966 ਵਿਚ ਜਿਕਰ ਤੱਕ ਨਹੀਂ ਹੈ।

ਪਾਣੀ ਦੀ ਚੌਥੀ ਵੰਡ 31 ਦਸੰਬਰ 1981 ਦੇ ਸਮਝੌਤੇ ਰਾਹੀਂ ਇੰਦਰਾ ਗਾਂਧੀ ਨੇ ਪੰਜਾਬ ਦੇ ਮੁੱਖ ਮੰਤਰੀ (ਦਰਬਾਰਾ ਸਿੰਘ) ਦੀ ਬਾਂਹ ਮਰੋੜ ਕੇ ਕਰਵਾਈ। ਇਸ ਵੰਡ ਵਿੱਚ ਕੁੱਲ ਪਾਣੀ 171.7 ਲੱਖ ਏਕੜ ਫੁੱਟ ਮੰਨਿਆ ਗਿਆ, ਜਿਸਦੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਗਈ:

| | | |
|---|---|---|
| ਰਾਜਸਥਾਨ | : | 86 ਲੱਖ ਏਕੜ ਫੁੱਟ |
| ਪੰਜਾਬ | : | 42.5 ਲੱਖ ਏਕੜ ਫੁੱਟ |
| ਹਰਿਆਣੇ | : | 35 ਲੱਖ ਏਕੜ ਫੁੱਟ |
| ਦਿੱਲੀ | : | 2 ਲੱਖ ਏਕੜ ਫੁੱਟ |
| ਜੰਮੂ ਅਤੇ ਕਸ਼ਮੀਰ | : | 6.5 ਲੱਖ ਏਕੜ ਫੁੱਟ |

ਪੰਜਾਬ ਪੁਨਰਗਠਨ ਐਕਟ ਦੀ ਧਾਰਾ 78, 79 ਅਤੇ 80 ਨੂੰ ਸੁਪਰੀਮ ਕੋਰਟ ਵਿਚ ਵੰਗਾਰਿਆ ਗਿਆ। 1981 ਵਿਚ ਜਦੋਂ ਇਸ ਕੇਸ ਦਾ ਫੈਸਲਾ ਲਗਭਗ ਪੰਜਾਬ ਦੇ ਹੱਕ ਵਿਚ ਹੋਣ ਵਾਲਾ ਸੀ ਤਾਂ ਭਾਰਤ ਸਰਕਾਰ ਨੇ ਪੰਜਾਬ ਦੇ ਮੁੱਖ ਮੰਤਰੀ ਦੀ ਬਾਂਹ ਮਰੋੜ ਕੇ ਹਰਿਆਣਾ, ਰਾਜਸਥਾਨ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਵਿਚਕਾਰ ਵੰਡ ਸਬੰਧੀ ਸਮਝੌਤੇ ਦੇ ਦਸਤਖਤ ਕਰਵਾ ਲਏ ਅਤੇ ਕੇਸ ਸੁਪਰੀਮ ਕੋਰਟ ਵਿਚੋਂ ਵਾਪਿਸ ਕਰਵਾ ਲਿਆ। ਪਰ ਇਹ ਸਮਝੌਤਾ ਵੀ ਕਾਨੂੰਨੀ ਤੌਰ ’ਤੇ ਅਹਿਮੀਅਤ ਨਹੀਂ ਰੱਖਦਾ ਕਿਉਂਕਿ ਧਾਰਾ 299 ਅਨੁਸਾਰ ਇਸ ਸਮਝੌਤੇ ਉੱਤੇ ਰਾਜਪਾਲ ਦੇ ਦਸਤਖਤ ਹੋਣ ਜਾਂ ਵਿਧਾਨ ਸਭਾ ਦੀ ਮਨਜ਼ੂਰੀ ਜਰੂਰੀ ਸੀ ਜੋ ਕਿ ਨਹੀਂ ਲਈ ਗਈ ਹੈ ਪਰ ਫਿਰ ਵੀ ਇਸ ਅਨੁਸਾਰ ਪਾਣੀ ਵੰਡਿਆ ਗਿਆ।

ਪੰਜਵੀਂ ਵਾਰ ਵੰਡ ਕਰਨ ਲਈ ਅਪ੍ਰੈਲ 1986 ਨੂੰ ਇਰਾਡੀ ਟ੍ਰਿਬਿਊਨਲ ਬਣਿਆ ਜਿਸਨੇ ਤਾਂ ਕਮਾਲ ਹੀ ਕਰ ਦਿੱਤੀ। ਇਰਾਡੀ ਟ੍ਰਿਬਿਊਨਲ ਨੂੰ ਪਾਣੀ ਦੀ ਵੰਡ ਕਰਨ ਲਈ ਕਿਹਾ ਗਿਆ ਸੀ ਪਰ ਉਸਨੇ ਆਪਹੁਦਰੀਆਂ ਕਰਦਿਆਂ ਪੰਜਾਬ ਦੀਆਂ ਖੱਡਾਂ ਅਤੇ ਨਾਲਿਆਂ ਦਾ ਪਾਣੀ ਵਿੱਚ ਮਿਲਾ ਕੇ ਉਸਦੀ ਮਾਤਰਾ 171.7 ਲੱਖ ਏਕੜ ਫੁੱਟ ਤੋਂ 182.7 ਲੱਖ ਏਕੜ ਫੁੱਟ ਕਰ ਦਿੱਤੀ। ਜਿਸ ਦੀ ਆਰਜੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਗਈ:

| | | |
|---|---|---|
| ਰਾਜਸਥਾਨ | : | 86 ਲੱਖ ਏਕੜ ਫੁੱਟ |
| ਪੰਜਾਬ | : | 50 ਲੱਖ ਏਕੜ ਫੁੱਟ |
| ਹਰਿਆਣਾ | : | 38 ਲੱਖ ਏਕੜ ਫੁੱਟ |
| ਦਿੱਲੀ | : | 2 ਲੱਖ ਏਕੜ ਫੁੱਟ |

ਅਮਲੀ ਤੌਰ 'ਤੇ ਇਸ ਵੰਡ ਦਾ ਪੰਜਾਬ ਦੇ ਹਿੱਸੇ ਦਾ 42.5 ਲੱਖ ਏਕੜ ਫੁੱਟ ਪਾਣੀ ਘੱਟ ਕੇ ਸਿਰਫ 39 ਲੱਖ ਏਕੜ ਫੁੱਟ ਹੀ ਰਹਿ ਗਿਆ। ਵੈਸੇ ਇਰਾਡੀ ਟ੍ਰਿਬਿਊਨਲ ਦਾ ਅਖੀਰੀ ਫੈਸਲਾ ਅਜੇ ਆਉਣਾ ਬਾਕੀ ਹੈ। ਪਰ ਪੰਜਾਬ ਵਿਧਾਨ ਸਭਾ ਨੇ 2004 ਵਿਚ ਇਕ ਕਾਨੂੰਨ ਬਣਾ ਕੇ ਰਾਜੀਵ-ਲੌਂਗੋਵਾਲ ਸਮਝੌਤਾ ਰੱਦ ਕਰ ਦਿੱਤਾ ਹੈ। ਉਂਝ ਵੀ ਇਹ ਟ੍ਰਿਬਿਊਨਲ Interstate River Water Disputes Act, 1956 ਅਧੀਨ ਬਣਾਇਆ ਗਿਆ ਸੀ ਜਦਕਿ ਇਸ ਐਕਟ ਅਨੁਸਾਰ ਸਿਰਫ ਉਹਨਾਂ ਦਰਿਆਵਾਂ ਦੇ ਝਗੜੇ ਨਿਪਟਾਏ ਜਾ ਸਕਦੇ ਹਨ ਜੋ ਦੋ ਜਾਂ ਵੱਧ ਰਾਜਾਂ ਵਿਚੋਂ ਲੰਘਦੇ ਹੋਣ। ਰਾਵੀ ਅਤੇ ਬਿਆਸ ਹਰਿਆਣਾ ਅਤੇ ਰਾਜਸਥਾਨ ਵਿਚੋਂ ਨਹੀਂ ਲੰਘਦੇ ਇਸ ਲਈ ਇਹ ਟ੍ਰਿਬਿਊਨਲ ਜਾਇਜ਼ ਨਹੀਂ ਹੈ।

**2. ਸਵਾਲ: ਹਰਿਆਣਾ ਕਿਸ ਅਧਾਰ ਉੱਤੇ ਪੰਜਾਬ ਤੋਂ ਦਰਿਆਈ ਪਾਣੀਆਂ ਦੀ ਮੰਗ ਕਰ ਰਿਹਾ ਹੈ?**

**ਜਵਾਬ:** 1. ਹਰਿਆਣਾ ਸਰਕਾਰ ਦਾ ਕਹਿਣਾ ਹੈ ਕਿ 1966 ਵਿੱਚ ਹੋਈ ਵੰਡ ਅਨੁਸਾਰ ਪੰਜਾਬ ਅਤੇ ਹਰਿਆਣਾ ਵਿਚਕਾਰ ਜਮੀਨ 60:40 ਦੇ ਅਨੁਪਾਤ ਵਿੱਚ ਵੰਡੀ ਗਈ ਸੀ। ਇਸ ਲਈ ਪੰਜਾਬ ਦੇ ਦਰਿਆਈ ਪਾਣੀਆਂ ਵਿੱਚੋਂ 40 ਫੀਸਦੀ ਪਾਣੀ ਹਰਿਆਣੇ ਨੂੰ ਮਿਲਣਾ ਚਾਹੀਦਾ ਹੈ।

2. ਹਿੰਦੁਸਤਾਨ ਦੀ ਕੇਂਦਰ ਸਰਕਾਰ ਨੇ 1960 ਵਿਚ ਇੰਡਸ ਜਲ ਸੰਧੀ ਰਾਹੀਂ 62 ਮਿਲੀਅਨ ਪੌਂਡ ਸਟਰਲਿੰਗ ਦੇ ਕੇ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦਾ ਪਾਣੀ ਪਾਕਿਸਤਾਨ ਕੋਲੋਂ ਖਰੀਦਿਆ ਹੈ। ਇਸ ਲਈ ਇਹ ਕੇਂਦਰ ਦੀ ਮਰਜ਼ੀ ਹੈ ਕਿ ਉਹ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਜਿੱਥੇ ਚਾਹੇ ਉੱਥੇ ਵਰਤੇ।

3. ਇਨ੍ਹਾਂ ਦਰਿਆਵਾਂ ਦਾ ਵਾਧੂ ਪਾਣੀ ਪਾਕਿਸਤਾਨ ਨੂੰ ਅਜਾਈਂ ਜਾ ਰਿਹਾ ਹੈ। ਇਸ ਲਈ ਪਾਕਿਸਤਾਨ ਨੂੰ ਜਾ ਰਿਹਾ ਵਾਧੂ ਪਾਣੀ ਹਰਿਆਣੇ ਅਤੇ ਰਾਜਸਥਾਨ ਨੂੰ ਦਿੱਤਾ ਜਾਣਾ ਚਾਹੀਦਾ ਹੈ।

4. ਪੰਜਾਬ ਕੋਲ ਆਪਣੀ ਲੋੜ ਤੋਂ ਕਿਤੇ ਜਿਆਦਾ ਪਾਣੀ ਹੈ। ਇਸ ਲਈ ਇਹ ਵਾਧੂ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਦਿੱਤਾ ਜਾਵੇ ਤਾਂ ਕਿ ਉਹ ਆਪਣੇ ਖੁਸ਼ਕ ਇਲਾਕਿਆਂ ਨੂੰ ਸਿੰਜ ਸਕਣ।

**3. ਸਵਾਲ: ਹਰਿਆਣਾ ਦੀਆਂ ਦਲੀਲਾਂ ਵਿੱਚ ਕਿੰਨੀ ਕੁ ਸਚਾਈ ਹੈ?**

**ਜਵਾਬ:** ਹਰਿਆਣਾ ਦੇ ਇਸ ਦਾਅਵੇ ਵਿੱਚ ਕੋਈ ਦਮ ਨਹੀਂ ਹੈ ਕਿ ਪਾਣੀ ਦੋ ਸੂਬਿਆਂ ਜਾਂ ਦੇਸ਼ਾਂ ਦਰਮਿਆਨ ਜਮੀਨ ਦੇ ਅਨੁਪਾਤ ਵਿੱਚ ਵੰਡੇ ਜਾਣੇ ਚਾਹੀਦੇ ਹਨ। ਸਗੋਂ ਪਾਣੀ ਵੰਡਣ ਲਈ ਆਲਮੀ ਪੱਧਰ 'ਤੇ ਰਾਇਪੇਰੀਅਨ ਨਿਯਮ ਪ੍ਰਵਾਨਿਤ ਹੈ। ਇਸ ਨਿਯਮ ਅਨੁਸਾਰ ਦਰਿਆਈ ਪਾਣੀ ਉਸ ਇਲਾਕੇ ਜਾਂ ਸੂਬੇ ਨੂੰ ਮਿਲਦਾ ਹੈ ਜਿਸ ਇਲਾਕੇ ਜਾਂ ਸੂਬੇ ਵਿੱਚੋਂ ਦਰਿਆ ਲੰਘਦਾ ਹੋਵੇ। ਹਰਿਆਣੇ ਦੇ ਕਿਸੇ ਵੀ ਇਲਾਕੇ ਵਿੱਚੋਂ ਰਾਵੀ, ਬਿਆਸ ਜਾਂ ਸਤਲੁਜ ਤਿੰਨਾਂ ਦਰਿਆਵਾਂ ਵਿੱਚੋਂ ਕੋਈ ਵੀ ਨਹੀਂ ਲੰਘਦਾ ਇਸ ਲਈ ਹਰਿਆਣੇ ਦਾ ਪੰਜਾਬ ਦੇ ਦਰਿਆਈ ਪਾਣੀਆਂ ਦੀ ਇੱਕ ਵੀ ਬੂੰਦ ਉੱਤੇ ਕੋਈ ਹੱਕ ਨਹੀਂ ਬਣਦਾ।

ਹਰਿਆਣਾ ਵੱਲੋਂ ਬਿਆਨਿਆ ਜਾਂਦਾ ਦੂਸਰਾ ਆਧਾਰ ਬਿਲਕੁੱਲ ਝੂਠ ਹੈ। ਇੰਡਸ ਜਲ ਸੰਧੀ ਅਧੀਨ ਹਿੰਦੁਸਤਾਨ ਦੀ ਕੇਂਦਰ ਸਰਕਾਰ ਵੱਲੋਂ ਪਾਕਿਸਤਾਨ ਕੋਲੋ ਕੋਈ ਪਾਣੀ ਨਹੀਂ ਖਰੀਦਿਆ ਗਿਆ ਸਗੋਂ ਵਰਲਡ ਬੈਂਕ ਨੇ ਪਾਕਿਸਤਾਨ ਨੂੰ ਨਹਿਰੀ ਪ੍ਰਬੰਧ ਠੀਕ ਕਰਨ ਵਿੱਚ ਮਦਦ ਕਰਨ ਲਈ ਇੱਕ ਵਿਸ਼ਵ ਪੱਧਰ ਦਾ ਫੰਡ (ਸਿੰਧ ਬੇਸਨ ਵਿਕਾਸ ਫੰਡ) ਕਾਇਮ ਕੀਤਾ ਸੀ। ਇਸ ਫੰਡ ਵਿੱਚ ਜਰਮਨੀ, ਆਸਟਰੀਆ, ਕੈਨੇਡਾ, ਇੰਗਲੈਂਡ, ਅਮਰੀਕਾ, ਨਿਊਜੀਲੈਂਡ ਅਤੇ ਹਿੰਦੁਸਤਾਨ ਸਮੇਤ ਕਈ ਮੁਲਕਾਂ ਨੇ ਆਪਣਾ ਹਿੱਸਾ ਪਾਇਆ ਸੀ।

ਇਹ ਤੀਜਾ ਦਾਅਵਾ ਵੀ ਬਿਲਕੁਲ ਗਲਤ ਹੈ ਕਿ ਪੰਜਾਬ ਦੇ ਦਰਿਆਵਾਂ ਦਾ ਵਾਧੂ ਪਾਣੀ ਪਾਕਿਸਤਾਨ ਨੂੰ ਅਜਾਈਂ ਜਾ ਰਿਹਾ ਹੈ। ਮੰਥਨ ਅਧਿਐਨ ਕੇਂਦਰ, ਬਦਵਾਨੀ (ਮੱਧ ਪ੍ਰਦੇਸ਼) ਦੀ ਖੋਜ ਰਿਪੋਰਟ (Unravelling Bhakhra) ਅਨੁਸਾਰ ਸਾਲ 2001-2002 ਦੌਰਾਨ ਪੰਜਾਬ ਦੇ ਦਰਿਆਵਾਂ ਵਿੱਚ ਪਾਕਿਸਤਾਨ ਨੂੰ ਸਿਰਫ਼ 0.2 ਲੱਖ ਏਕੜ ਫੁੱਟ ਪਾਣੀ ਹੀ ਗਿਆ। ਜੋ ਕਿ ਬਿਲਕੁਲ ਨਾ ਮਾਤਰ ਹੈ।

ਇਹ ਦਾਅਵਾ ਵੀ ਬਿਲਕੁਲ ਨਿਰਮੂਲ ਹੈ ਕਿ ਪੰਜਾਬ ਕੋਲ ਕੋਈ ਵਾਧੂ ਪਾਣੀ ਹੈ। ਪੰਜਾਬ ਨੂੰ ਘੱਟੋ-ਘੱਟ 450 ਲੱਖ ਏਕੜ ਫੁੱਟ ਸਾਲਾਨਾ ਪਾਣੀ ਦੀ ਜਰੂਰਤ ਹੈ

ਜਦਕਿ ਪੰਜਾਬ ਆਪਣੇ ਦਰਿਆਵਾਂ ਵਿੱਚੋਂ ਸਿਰਫ਼ 150 ਲੱਖ ਏਕੜ ਫੁੱਟ ਦੇ ਕਰੀਬ ਪਾਣੀ ਵਰਤ ਰਿਹਾ ਹੈ। ਇਸ ਤਰ੍ਹਾਂ ਪੰਜਾਬ ਵਿੱਚ ਤਕਰੀਬਨ 300 ਲੱਖ ਏਕੜ ਫੁੱਟ ਪਾਣੀ ਦੀ ਕਮੀ ਹੈ।

**4. ਸਵਾਲ: ਰਾਜਸਥਾਨ ਨੂੰ 80 ਲੱਖ ਏਕੜ ਫੁੱਟ ਪਾਣੀ ਕਿਸ ਆਧਾਰ 'ਤੇ ਮਿਲ ਰਿਹਾ ਹੈ?**

**ਜਵਾਬ:** ਇਹ ਵੀ ਇਕ ਦਿਲਚਸਪ ਕਹਾਣੀ ਹੈ, ਜਿਸ ਪਿੱਛੇ ਕੇਂਦਰ ਦੀ ਸਾਜ਼ਿਸ ਹੀ ਕੰਮ ਕਰਦੀ ਹੈ। ਵਿਸ਼ਵ ਬੈਂਕ ਦੀ ਵਿਚੋਲਗੀ ਪਿੱਛੋਂ ਭਾਰਤ ਤੇ ਪਾਕਿਸਤਾਨ ਦੋਵਾਂ ਦੇ ਰਾਵੀ, ਬਿਆਸ, ਚਨਾਬ, ਜੇਹਲਮ ਅਤੇ ਸਤਲੁਜ ਦੇ ਪਾਣੀਆਂ ਦੀ ਵਰਤੋਂ ਦੇ ਆਪਣੇ-ਆਪਣੇ ਦਾਅਵੇ ਵਧਾ-ਚੜ੍ਹਾ ਕੇ ਪੇਸ਼ ਕੀਤੇ। ਵਿਸ਼ਵ ਬੈਂਕ ਨੇ 1952 ਵਿਚ ਭਾਰਤ ਨੂੰ ਕਿਹਾ ਕਿ ਉਹ ਰਾਵੀ, ਬਿਆਸ ਸਤਲੁਜ ਦੇ ਪਾਣੀਆਂ ਦੀ ਵਰਤੋਂ ਦੇ ਦਸਤਾਵੇਜ਼ੀ ਸਬੂਤ ਪੇਸ਼ ਕਰੇ। ਉਸ ਪਿੱਛੋਂ ਦਿੱਲੀ ਵਿਚ ਖੇਤੀ ਅਤੇ ਸਿੰਚਾਈ ਮੰਤਰਾਲੇ ਨੇ ਕਲਪਨਾ ਦੇ ਘੋੜੇ ਦੁੜਾਉਣੇ ਸ਼ੁਰੂ ਕੀਤੇ। ਮੰਤਰਾਲੇ ਦੇ ਕੁਝ ਅਫ਼ਸਰਾਂ ਨੇ ਦਰਿਆਈ ਪਾਣੀਆਂ ਦੀ ਵੱਧ ਤੋਂ ਵੱਧ ਖ਼ਪਤ ਭਾਰਤ ਵਿਚ ਦਿਖਾਉਣ ਲਈ ਰਾਵੀ ਅਤੇ ਬਿਆਸ ਦਰਿਆਵਾਂ ਦੇ 'ਵਾਧੂ' ਪਾਣੀ ਵਿਚੋਂ 80 ਲੱਖ ਏਕੜ ਫੁੱਟ ਪਾਣੀ ਰਾਜਸਥਾਨ ਸੂਬੇ ਨੂੰ ਦੇ ਦਿੱਤਾ। ਇੰਝ ਰਾਜਸਥਾਨ ਨੂੰ ਦਰਿਆਈ ਪਾਣੀ ਦੇਣ ਦਾ ਦਿੱਲੀ ਵਲੋਂ ਕੀਤੀ ਸਾਜਿਸ਼ ਦਾ ਬੀ ਬੀਜ ਦਿੱਤਾ ਗਿਆ।

**5. ਸਵਾਲ: ਇਸ ਤੋਂ ਬਾਅਦ ਕੀ ਵਾਪਰਿਆ ?**

**ਜਵਾਬ:** ਸਾਜ਼ਿਸ ਦਾ ਬੀਜ ਛੇਤੀ ਹੀ ਵਧਣ-ਫੁੱਲਣ ਲੱਗਿਆ, ਜਦੋਂ ਕੇਂਦਰ ਸਰਕਾਰ ਨੇ ਪਾਣੀ ਨੂੰ ਜੰਮੂ ਕਸ਼ਮੀਰ, ਪੰਜਾਬ ਅਤੇ ਰਾਜਸਥਾਨ ਦੇ ਸੂਬਿਆਂ ਵਿਚ ਵੰਡਣ ਦਾ ਇਕ 'ਸਮਝੌਤਾ' ਆਪਣੇ ਆਪ ਘੜ ਲਿਆ।

**6. ਸਵਾਲ: ਕੀ ਉਸ ਸਮੇਂ ਪੰਜਾਬ ਨੇ ਇਸ ਘੜੇ ਜਾ ਰਹੇ ਸਮਝੌਤੇ ਦਾ ਵਿਰੋਧ ਕੀਤਾ?**

**ਜਵਾਬ:** ਸੱਚਾਈ ਇਹ ਹੈ ਕਿ ਉਸ ਸਮੇਂ ਪੰਜਾਬ ਦੇ ਸਿੰਚਾਈ ਮੰਤਰੀ ਚੌਧਰੀ ਲਹਿਰੀ ਸਿੰਘ ਸਨ, ਜੋ ਹਰਿਆਣਾ ਰਾਜ ਨਾਲ ਸਬੰਧ ਰੱਖਦੇ ਸਨ ਪਰ ਕਿਉਂਕਿ ਉਹ ਸਾਂਝੇ ਪੰਜਾਬ ਦੀ ਸਿੰਚਾਈ ਮੰਤਰੀ ਸਨ, ਇਸ ਲਈ ਉਨ੍ਹਾਂ ਨੇ ਇਸ ਅੰਤਰਰਾਜੀ ਸਮਝੌਤੇ ਦਾ ਵਿਰੋਧ ਕੀਤਾ। ਚੇਤੇ ਰਹੇ ਕਿ ਇਹ ਸਮਝੌਤਾ 1955 ਵਿਚ ਹੋਇਆ ਸੀ। ਚੌਧਰੀ ਲਹਿਰੀ ਸਿੰਘ ਨੇ ਰਾਜਸਥਾਨ ਨੂੰ ਪਾਣੀ ਦੇਣ ਦਾ ਵਿਰੋਧ ਕੀਤਾ ਕਿਉਂਕਿ ਉਹ ਗੈਰ-ਰਾਇਪੇਰੀਅਨ ਰਾਜ ਸੀ। ਕੇਂਦਰ ਵਲੋਂ 7 ਫਰਵਰੀ, 1955

ਨੂੰ ਚੌਧਰੀ ਲਹਿਰੀ ਸਿੰਘ ਨੂੰ ਚਿੱਠੀ ਭੇਜੀ, ਚੌਧਰੀ ਲਹਿਰੀ ਸਿੰਘ ਨੇ ਇਤਰਾਜ਼ ਲਾ ਕੇ ਵਾਪਸ ਕਰ ਦਿੱਤੀ। ਪਰ ਅਖੀਰ 'ਤੇ ਕੇਂਦਰ ਸਰਕਾਰ ਨੇ ਚੌਧਰੀ ਤੋਂ ਅੱਠ ਮਹੀਨਿਆਂ ਬਾਅਦ ਇਸ ਸਮਝੌਤੇ 'ਤੇ ਧੱਕੇ ਨਾਲ ਦਸਤਖ਼ਤ ਕਰਵਾ ਲਏ।

**7. ਸਵਾਲ: ਉਸ ਪਿੱਛੋਂ ਕੀ ਹੋਇਆ?**

**ਜਵਾਬ:** ਉਸ ਪਿੱਛੋਂ ਇਸ ''ਸਮਝੌਤੇ'' ਨੂੰ ਜਾਇਜ਼ ਠਹਿਰਾਉਣ ਲਈ 292 ਮੀਲ (325 ਕਿਲੋਮੀਟਰ) ਲੰਬੀ ਰਾਜਸਥਾਨ ਨਹਿਰ ਦੇ ਪ੍ਰਾਜੈਕਟ ਉੱਤੇ ਕੰਮ ਸ਼ੁਰੂ ਹੋ ਗਿਆ। ਜਿਥੋਂ ਦੀ ਇਹ ਨਹਿਰ ਕੱਢਣੀ ਸੀ, ਉਸ ਬਾਰੇ ਸਹੀ ਜਾਣਕਾਰੀ ਹੀ ਹਾਸਲ ਨਾ ਕੀਤੀ ਗਈ। ਕੁਝ ਫੁੱਟ ਰੇਤੇ ਦੀ ਤਹਿ ਥੱਲ੍ਹੇ ਪੱਥਰ ਦੀਆਂ ਤਹਿਆਂ ਹੋਣ ਕਾਰਨ ਜਦੋਂ ਪਾਣੀ ਛੱਡਿਆ ਗਿਆ ਤਾਂ ਆਲੇ-ਦੁਆਲੇ ਮੀਲਾਂ ਬੱਧ ਇਲਾਕਾ ਸੇਮ ਵਿਚ ਘਿਰ ਗਿਆ। 40 ਸਾਲ ਬੀਤ ਜਾਣ ਪਿੱਛੋਂ ਵੀ ਰਾਜਸਥਾਨ ਦੀ 45 ਲੱਖ ਏਕੜ ਜਮੀਨ ਉੱਤੇ ਸਿੰਚਾਈ ਕਰਨ ਦੇ ਮਨਸੂਬੇ ਧਰੇ-ਧਰਾਏ ਰਹਿ ਗਏ ਹਨ। ਮਾਹਰਾਂ ਵਲੋਂ 1989 ਵਿਚ ਕੀਤੇ ਗਏ ਸਰਵੇਖਣ ਮੁਤਾਬਕ ਇਹ ਪ੍ਰਾਜੈਕਟ ਫੇਲ੍ਹ ਹੋ ਚੁੱਕਾ ਹੈ। ਥਾਰ ਮਾਰੂਥਲ ਵਿਚ ਸੈਂਕੜੇ ਮੀਲ ਲੰਬੀ ਨਹਿਰ ਵਿਚ ਪੰਜਾਹ ਫੀਸਦੀ ਪਾਣੀ ਭਾਫ ਬਣ ਕੇ ਹਵਾ ਵਿਚ ਉੱਡ ਜਾਂਦਾ ਹੈ। ਬਾਕੀ ਬਹੁਤਾ ਹਿੱਸਾ ਧਰਤੀ ਵਿਚ ਜੀਰ ਜਾਂਦਾ ਹੈ। ਪਾਣੀ ਵਰਗੇ ਅਨਮੋਲ ਕੁਦਰਤੀ ਸਾਧਨ ਦੀ ਇਸ ਤੋਂ ਵੱਧ ਤਬਾਹੀ ਕੀ ਹੋ ਸਕਦੀ ਸੀ?

**8. ਸਵਾਲ: ਰਾਜਸਥਾਨ ਵਲੋਂ ਉਸ ਨੂੰ ਪਾਣੀ ਮਿਲਣ ਪਿੱਛੇ ਉਸ ਦਾ ਕੀ ਦਾਅਵਾ ਹੈ?**

**ਜਵਾਬ:** ਰਾਜਸਥਾਨ ਦੇ ਸਿਆਸੀ ਨੇਤਾ ਇਹ ਦਾਅਵਾ ਕਰਦੇ ਹਨ ਕਿ ਜਦੋਂ 1960 ਵਿਚ ਸਿੰਧ ਜਲ ਸਮਝੌਤਾ ਹੋਇਆ ਤਾਂ ਰਾਜਸਥਾਨ ਨੂੰ ਰਾਵੀ, ਬਿਆਸ ਅਤੇ ਸਤਲੁਜ ਵਿਚੋਂ ਪਾਣੀ ਲੈਣ ਦਾ ਕਥਿਤ ਅਧਿਕਾਰ ਇਸ ਕਰਕੇ ਮਿਲਿਆ ਕਿਉਂਕਿ ਕੇਂਦਰ ਦੇ ਸਿੰਚਾਈ ਮੰਤਰਾਲੇ ਨੇ ਸਮਝੌਤੇ ਵਿਚ 80 ਲੱਖ ਏਕੜ ਫੁੱਟ ਪਾਣੀ ਦੀ ਵਰਤੋਂ ਰਾਜਸਥਾਨ ਵਿਚ ਦਿਖਾਈ ਸੀ ਪਰ ਇਹ ਧਾਰਨਾ ਗ਼ਲਤ ਹੈ। ਇਹ ਵਰਤੋਂ ਪੰਜਾਬ ਵਿਚ ਸਿੰਚਾਈ ਦੀ ਮਾਤਰਾ ਵਧਾਉਣ ਨਾਲ ਵੀ ਦਿਖਾਈ ਜਾ ਸਕਦੀ ਸੀ। ਵੰਡ ਤੋਂ ਬਾਅਦ ਭਾਰਤੀ ਪੰਜਾਬ ਵਿਚ ਸਿਰਫ਼ 26.8 ਫੀਸਦੀ ਖੇਤੀ ਖੇਤਰ ਵਿਚ ਸਿੰਚਾਈ ਹੁੰਦੀ ਸੀ ਅਤੇ ਸਿਰਫ਼ ਦਰਿਆਵਾਂ ਦੇ 14 ਫੀਸਦੀ ਪਾਣੀਆਂ ਦੀ ਵਰਤੋਂ ਹੁੰਦੀ ਸੀ। ਇਸ ਮੁੱਦੇ ਨੂੰ ਲੈ ਕੇ ਰਾਜਸਥਾਨ, ਰਾਵੀ, ਬਿਆਸ ਅਤੇ ਸਤਲੁਜ ਦੇ ਕੁੱਲ ਪਾਣੀਆਂ ਦੇ ਚੌਥੇ ਹਿੱਸੇ ਨੂੰ ਇਕੱਲਾ ਹੀ ਬਰਬਾਦ ਕਰ ਰਿਹਾ ਹੈ। ਸ਼ਾਇਦ

ਇਸ ਲਈ ਕਿਉਂਕਿ ਇਹ ਉਸ ਨੂੰ ਮੁਫ਼ਤ ਵਿਚ ਮਿਲਿਆ ਹੈ।

**9. ਸਵਾਲ: ਕੀ ਪਾਣੀਆਂ ਬਾਰੇ ਸਮਝੌਤੇ ਖ਼ਤਮ ਕਰਨ ਬਾਰੇ ਕਾਨੂੰਨ 2004 ਮੁਤਾਬਕ ਰਾਜਸਥਾਨ ਨੂੰ 80 ਲੱਖ ਏਕੜ ਫੁੱਟ ਦਰਿਆਈ ਪਾਣੀ ਬਰਕਰਾਰ ਰੱਖਿਆ ਗਿਆ ਹੈ ?**

**ਜਵਾਬ:** ਹਾਂ, ਇਹ ਬਰਕਰਾਰ ਰੱਖਿਆ ਗਿਆ ਹੈ। ਪਰ ਲੰਬੇ ਸਮੇਂ ਵਿਚ ਇਹ ਸਥਿਤੀ ਕਾਇਮ ਨਹੀਂ ਰਹਿ ਸਕੇਗੀ। ਆਧੁਨਿਕ ਯੁੱਗ ਦੇ ਕੁਦਰਤ ਵਿਰੋਧੀ ਵਿਕਾਸ ਨੇ ਹੁਣ ਤਾਜ਼ਾ ਪਾਣੀ ਦੁਰਲੱਭ ਵਸਤੂ ਬਣਾ ਦਿੱਤਾ ਹੈ। ਦੂਜੇ ਪਾਸੇ ਪਾਕਿਸਤਾਨ ਨੇ ਸਿੰਧ ਜਲ ਸਮਝੌਤੇ ’ਤੇ ਉਂਗਲ ਉਠਾਉਣੀ ਸ਼ੁਰੂ ਕਰ ਦਿੱਤੀ ਹੈ ਅਤੇ ਕਸ਼ਮੀਰ, ਜਿਸ ਵਿਚ ਪੰਜਾਬ ਦੇ ਦਰਿਆ ਲੰਘਦੇ ਜਾਂ ਫੁੱਟਦੇ ਹਨ, ਦੇ ਮਸਲੇ ਦੇ ਹੱਲ ਵਿਚ ਦਰਿਆਵਾਂ ਦੇ ਮੁੱਦੇ ਨੂੰ ਵੀ ਅਹਿਮੀਅਤ ਦੇਣੀ ਸ਼ੁਰੂ ਕਰ ਦਿੱਤੀ ਹੈ ਅਤੇ ਯੂ.ਐਨ.ਓ. ਦੇ ਸਕੱਤਰ ਜਨਰਲ ਦੇ ਕਥਨਾਂ ਦੀ ਸੱਚਾਈ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ 21ਵੀਂ ਸਦੀ ਵਿਚ ਮੁਲਕਾਂ ਵਿਚਕਾਰ ਯੁੱਧ ਪਾਣੀਆਂ ਦੇ ਮਸਲੇ ਉੱਤੇ ਲੜੇ ਜਾਣਗੇ।

**10. ਸਵਾਲ: ਭਾਖੜਾ-ਬਿਆਸ ਮੈਨਜਮੈਂਟ ਬੋਰਡ ਕੀ ਹੈ?**

**ਜਵਾਬ:** ਭਾਖੜਾ ਬਿਆਸ ਮੈਨੇਜਮੈਂਟ ਬੋਰਡ ਇੱਕ ਅਜਿਹਾ ਅਦਾਰਾ ਹੈ ਜਿਸ ਰਾਹੀਂ ਪੰਜਾਬ ਦੇ ਸਤਲੁਜ ਅਤੇ ਬਿਆਸ ਦਰਿਆਵਾਂ ਦੇ ਪਾਣੀ, ਪਾਣੀ ਤੋਂ ਪੈਦਾ ਹੋਣ ਵਾਲੀ ਬਿਜਲੀ, ਨਹਿਰੀ ਸਿੰਜਾਈ ਅਤੇ ਡੈਮਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**11. ਸਵਾਲ: ਭਾਖੜਾ-ਬਿਆਸ ਮੈਨਜਮੈਂਟ ਬੋਰਡ ਦੇ ਕੁੱਲ ਕਿੰਨੇ ਮੈਂਬਰ ਹਨ ? ਇਨ੍ਹਾਂ ਦੀ ਨਿਯੁਕਤੀ ਕੌਣ ਕਰਦਾ ਹੈ?**

**ਜਵਾਬ:** ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੇ ਕੁੱਲ 9 ਮੈਂਬਰ ਹਨ। ਇਨ੍ਹਾਂ ਦੀ ਨਿਯੁਕਤੀ ਕੇਂਦਰ ਸਰਕਾਰ ਵਲੋਂ ਕੀਤੀ ਜਾਂਦੀ ਹੈ।

**12. ਸਵਾਲ: 1966 ਤੋਂ ਪਹਿਲਾਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਪੰਜਾਬ ਦੇ ਮੈਂਬਰਾਂ ਦੀ ਗਿਣਤੀ ਕਿੰਨੀ ਸੀ ਅਤੇ ਹੁਣ ਇਸ ਬੋਰਡ ਵਿਚ ਪੰਜਾਬ ਦੇ ਕਿੰਨੇ ਮੈਂਬਰ ਹਨ?**

**ਜਵਾਬ:** 1966 ਤੋਂ ਪਹਿਲਾਂ ਇਸ ਬੋਰਡ ਦੇ ਕੁੱਲ 9 ਮੈਂਬਰਾਂ ਵਿੱਚੋਂ 6 ਮੈਂਬਰ ਪੰਜਾਬ ਦੇ ਹੁੰਦੇ ਸਨ। ਹੁਣ ਪੰਜਾਬ ਵਿੱਚੋਂ ਸਿਰਫ ਇਕੋ ਮੈਂਬਰ ਹੀ ਲਿਆ ਜਾਂਦਾ ਹੈ।

**13. ਸਵਾਲ: ਸਤਲੁਜ ਯਮੁਨਾ ਲਿੰਕ (SYL) ਨਹਿਰ ਦਾ ਮਸਲਾ ਕੀ ਹੈ ਅਤੇ ਇਸਦੀ**

**ਹੁਣ ਕੀ ਸਥਿਤੀ ਹੈ?**

**ਜਵਾਬ:** ਸੰਨ 1976 ਵਿੱਚ ਮੌਕੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਇੱਕ ਨੋਟੀਫਿਕੇਸ਼ਨ ਜਾਰੀ ਕਰ ਕੇ ਪੰਜਾਬ ਦਾ 35 ਲੱਖ ਏਕੜ ਫੁੱਟ ਪਾਣੀ ਹਰਿਆਣੇ ਨੂੰ ਦੇਣ ਦਾ ਐਲਾਨ ਕੀਤਾ। ਸਤਲੁਜ ਯਮੁਨਾ ਲਿੰਕ ਨਹਿਰ ਰਾਹੀਂ ਪੰਜਾਬ ਦਾ ਪਾਣੀ ਹਰਿਆਣੇ ਨੂੰ ਦਿੱਤਾ ਜਾਣਾ ਹੈ। 1978 ਵਿੱਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਹਿਰ ਦੀ ਉਸਾਰੀ ਕਰਨੀ ਮਨਜ਼ੂਰ ਕਰ ਲਈ ਪਰ ਬਾਅਦ ਵਿੱਚ ਪੰਜਾਬ ਦੇ ਹੋਰਨਾਂ ਆਗੂਆਂ ਦੇ ਦਬਾਅ ਅੱਗੇ ਝੁਕਦਿਆਂ ਉਸਨੇ ਇਹ ਉਸਾਰੀ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਅਪ੍ਰੈਲ 1982 ਵਿੱਚ ਇੰਦਰਾ ਗਾਂਧੀ ਨੇ ਕਪੂਰੀ ਦੇ ਸਥਾਨ ਉੱਪਰ ਟੱਕ ਲਾ ਕੇ ਨਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਉਣ ਦਾ ਯਤਨ ਕੀਤਾ ਪਰ ਬਾਅਦ ਵਿੱਚ ਧਰਮ ਯੁੱਧ ਮੋਰਚਾ ਸ਼ੁਰੂ ਹੋ ਜਾਣ ਕਾਰਨ ਇਸ ਨਹਿਰ ਦੀ ਉਸਾਰੀ ਨਾ ਹੋ ਸਕੀ। ਫਿਰ 1985 ਵਿੱਚ ਬਰਨਾਲਾ ਸਰਕਾਰ ਨੇ ਇਸ ਨਹਿਰ ਦੀ ਉਸਾਰੀ ਵੱਡੇ ਪੱਧਰ ਉੱਪਰ ਕਰਵਾਈ ਪਰ ਸੰਘਰਸ਼ਸ਼ੀਲ ਖਾੜਕੂ ਸਿੰਘਾਂ ਵੱਲੋਂ ਨਹਿਰ ਦੀ ਉਸਾਰੀ ਵਿੱਚ ਲੱਗੇ ਇੰਜੀਨੀਅਰ ਮਾਰੇ ਜਾਣ ਤੋਂ ਬਾਅਦ ਇਹ ਨਹਿਰ ਅੱਜ ਤੱਕ ਬੰਦ ਪਈ ਹੈ। ਹਰਿਆਣਾ ਨੇ ਨਹਿਰ ਦੀ ਪੁਨਰ ਉਸਾਰੀ ਲਈ ਭਾਰਤੀ ਸੁਪਰੀਮ ਕੋਰਟ ਵਿੱਚ ਇੱਕ ਅਰਜੀ ਦਾਖਲ ਕੀਤੀ ਜਿਸ ਉੱਤੇ ਸੁਣਵਾਈ ਕਰਦਿਆਂ 4 ਜੂਨ 2004 ਨੂੰ ਇਸ ਅਦਾਲਤ ਨੇ ਪੰਜਾਬ ਨੂੰ 14 ਜੁਲਾਈ 2004 ਤੱਕ ਨਹਿਰ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਅਤੇ ਨਾਲ ਹੀ ਇਹ ਕਹਿ ਦਿੱਤਾ ਕਿ ਜੇਕਰ ਪੰਜਾਬ ਮਿੱਥੀ ਤਰੀਕ ਤੱਕ ਨਹਿਰ ਦੀ ਉਸਾਰੀ ਨਹੀਂ ਕਰਦਾ ਤਾਂ ਕੇਂਦਰ ਸਰਕਾਰ ਇਹ ਕੰਮ ਆਪਣੀ ਕਿਸੇ ਏਜੰਸੀ ਕੋਲੋਂ ਪੂਰਾ ਕਰਵਾਏ। ਇਸ ਸਮੇਂ ਦੌਰਾਨ 12 ਜੁਲਾਈ 2004 ਨੂੰ ਪੰਜਾਬ ਦੀ ਵਿਧਾਨ ਸਭਾ ਨੇ ਇੱਕ ਕਾਨੂੰਨ ਬਣਾਇਆ ਜਿਸ ਨੂੰ 'ਪੰਜਾਬ ਸਮਝੌਤਿਆਂ ਦਾ ਖਾਤਮਾ ਕਾਨੂੰਨ, 2004' (Punjab Termination of Agreements Act, 2004) ਦਾ ਨਾਂ ਦਿੱਤਾ ਗਿਆ ਹੈ। ਇਸ ਕਾਨੂੰਨ ਤਹਿਤ ਪੰਜਾਬ ਨੇ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਪਿਛਲੇ ਸਾਰੇ ਕਥਿਤ ਸਮਝੌਤੇ, ਰਾਜੀਵ ਲੌਂਗੋਵਾਲ ਸਮਝੌਤੇ ਸਮੇਤ, ਰੱਦ ਕਰ ਦਿੱਤੇ ਗਏ। ਇਸ ਤਰ੍ਹਾਂ ਵਕਤੀ ਤੌਰ 'ਤੇ ਨਹਿਰ ਦੀ ਉਸਾਰੀ ਇੱਕ ਵਾਰ ਫਿਰ ਰੁਕ ਗਈ।

**14. ਸਵਾਲ: ਰਾਜੀਵ ਲੌਂਗੋਵਾਲ ਸਮਝੌਤੇ ਦਾ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਸਲੇ ਉੱਪਰ ਕੀ ਅਸਰ ਪਿਆ ?**

**ਜਵਾਬ:** ਰਾਜੀਵ ਲੌਂਗੋਵਾਲ ਸਮਝੌਤੇ ਦੀ ਮੱਦ 9 (1) ਤਹਿਤ ਇਹ ਕਿਹਾ ਗਿਆ ਹੈ ਕਿ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕਿਸਾਨ ਪੰਜਾਬ ਦੇ ਦਰਿਆਵਾਂ ਦਾ ਘੱਟੋ-ਘੱਟ ਓਨਾ ਪਾਣੀ ਵਰਤਦੇ ਰਹਿਣਗੇ ਜਿਨ੍ਹਾਂ ਕਿ ਉਹ 1 ਜੁਲਾਈ 1985 ਨੂੰ ਵਰਤ ਰਹੇ ਸਨ। ਸਮਝੌਤੇ ਦੀ ਮੱਦ 9 (2) ਤਹਿਤ ਪੰਜਾਬ ਅਤੇ ਹਰਿਆਣਾ ਦਰਮਿਆਨ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਮਤਭੇਦਾਂ ਨੂੰ ਹੱਲ ਕਰਨ ਲਈ ਇਰਾਡੀ ਟ੍ਰਿਬਿਊਨਲ ਸਥਾਪਿਤ ਕੀਤਾ ਗਿਆ ਹੈ। ਸਮਝੌਤੇ ਦੀ ਮੱਦ 9 (3) ਇਹ ਕਿਹਾ ਗਿਆ ਹੈ ਕਿ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਜਾਰੀ ਰਹੇਗੀ ਅਤੇ ਇਹ ਨਹਿਰ 15 ਅਗਸਤ 1986 ਤੱਕ ਪੂਰੀ ਕੀਤੀ ਜਾਣੀ ਸੀ। ਇਸ ਸਮਝੌਤੇ ਸਬੰਧੀ ਵਿਚਾਰਨਯੋਗ ਨੁਕਤੇ ਇਹ ਹਨ ਕਿ ਇਹ ਸਮਝੌਤਾ ਕਰਨ ਸਮੇਂ ਹਰਚੰਦ ਸਿੰਘ ਲੌਂਗੋਵਾਲ ਪੰਜਾਬ ਦਾ ਨੁਮਾਇੰਦਾ ਨਹੀਂ ਸੀ ਅਤੇ ਨਾ ਹੀ ਕਦੇ ਪੰਜਾਬ ਵਿਧਾਨ ਸਭਾ ਨੇ ਇਸ ਸਮਝੌਤੇ ਉੱਪਰ ਸਹੀ ਪਾਈ। ਉਂਝ ਇਸ ਸਮਝੌਤੇ ਤੋਂ ਪਹਿਲਾਂ ਪੰਜਾਬ ਨਾਲ ਸਬੰਧਿਤ ਕਿਸੇ ਵੀ ਧਿਰ ਨੇ ਕਦੀ ਵੀ ਇਹ ਗੱਲ ਨਹੀਂ ਸੀ ਮੰਨੀ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਪੰਜਾਬ ਅਤੇ ਹਰਿਆਣੇ ਵਿਚਕਾਰ ਕੋਈ ਝਗੜਾ ਹੈ। ਇਸ ਸਮਝੌਤੇ ਤਹਿਤ ਜੋ ਇਰਾਡੀ ਟ੍ਰਿਬਿਊਨਲ ਬਣਾਇਆ ਗਿਆ ਹੈ ਭਾਵੇਂ ਕਿ ਉਸ ਦਾ ਫੈਸਲਾ ਅਜੇ ਆਉਣਾ ਬਾਕੀ ਹੈ ਪਰ ਇਹ ਫੈਸਲਾ ਪੰਜਾਬ ਦੇ ਹਿੱਤਾਂ ਨੂੰ ਮਾਰੂ ਰੂਪ ਵਿੱਚ ਪ੍ਰਭਾਵਿਤ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਧਾਨ ਸਭਾ ਨੇ ਇਹ ਸਮਝੌਤਾ 12 ਜੁਲਾਈ 2004 ਨੂੰ ਰੱਦ ਕਰ ਦਿੱਤਾ ਹੈ।

**15. ਸਵਾਲ: 2004 ਵਿੱਚ ਪੰਜਾਬ ਵਿਧਾਨ ਸਭਾ ਵੱਲੋਂ ਬਣਾਏ ਗਏ ਕਾਨੂੰਨ ਸਬੰਧੀ ਜਾਣਕਾਰੀ ਦਿਉ ? ਕੀ ਇਹ ਕਾਨੂੰਨ ਪੰਜਾਬ ਦੇ ਹਿੱਤ ਵਿੱਚ ਹੈ? ਇਸ ਕਾਨੂੰਨ ਦੀ ਹੁਣ ਕੀ ਸਥਿਤੀ ਹੈ?**

**ਜਵਾਬ:** ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ ਕਿ 2004 ਵਿੱਚ ਸੁਪਰੀਮ ਕੋਰਟ ਵੱਲੋਂ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਲਈ ਆਏ ਫੈਸਲੇ ਦੇ ਅਸਰ ਤੋਂ ਬਚਣ ਵਾਸਤੇ ਪੰਜਾਬ ਵਿਧਾਨ ਸਭਾ ਨੇ "ਪੰਜਾਬ ਸਮਝੌਤਿਆਂ ਦਾ ਖਾਤਮਾ ਕਾਨੂੰਨ 2004" ਬਣਾਇਆ ਸੀ ਜਿਸ ਤਹਿਤ ਪਿਛਲੇ ਸਾਰੇ ਕਥਿਤ ਸਮਝੌਤੇ ਰੱਦ ਕਰ

ਦਿੱਤੇ ਗਏ। ਸਰਸਰੀ ਨਜ਼ਰੇ ਦੇਖਿਆਂ ਇਹ ਕਾਨੂੰਨ ਪੰਜਾਬ ਦੇ ਹਿੱਤ ਵਿੱਚ ਦਿਖਾਈ ਦਿੰਦਾ ਹੈ ਪਰ ਅਸਲੀਅਤ ਕੁੱਝ ਹੋਰ ਹੈ। ਪੰਜਾਬ ਵਿਧਾਨ ਸਭਾ ਨੇ ਸਤਲੁਜ-ਯਮੁਨਾ ਲਿੰਕ ਨਹਿਰ ਰਾਹੀਂ ਜਾਣ ਵਾਲੇ 35 ਲੱਖ ਏਕੜ ਫੁੱਟ ਪਾਣੀ ਨੂੰ ਤਾਂ ਵਕਤੀ ਤੌਰ ਉੱਪਰ ਬਚਾ ਲਿਆ ਹੈ ਪਰ ਪੰਜਾਬ ਦੀਆਂ ਵੱਡੀਆਂ ਰਾਜਸੀ ਪਾਰਟੀਆਂ ਕਾਂਗਰਸ, ਬਾਦਲ ਦਲ ਅਤੇ ਬੀ.ਜੇ.ਪੀ. ਨੇ ਇੱਕ ਮਤ ਹੋ ਕੇ ਇਸ ਕਾਨੂੰਨ ਤਹਿਤ ਹਰਿਆਣਾ ਅਤੇ ਰਾਜਸਥਾਨ ਨੂੰ ਪਹਿਲਾਂ ਤੋਂ ਜਾ ਰਹੇ ਤਕਰੀਬਨ 150 ਲੱਖ ਏਕੜ ਫੁੱਟ ਪਾਣੀ ਉੱਪਰ ਪੱਕੀ ਮੋਹਰ ਲਗਾ ਦਿੱਤੀ ਹੈ। ਅਸਲ ਵਿੱਚ ਇਸ ਕਾਨੂੰਨ ਵਿੱਚ ਇੱਕ ਧਾਰਾ 5 ਸ਼ਾਮਿਲ ਕੀਤੀ ਗਈ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਰਾਜਸਥਾਨ ਅਤੇ ਹਰਿਆਣੇ ਨੂੰ ਪੰਜਾਬ ਦੇ ਦਰਿਆਵਾਂ ਵਿੱਚੋਂ ਪਹਿਲਾਂ ਤੋਂ ਜਾ ਰਿਹਾ ਪਾਣੀ ਜਾਂਦਾ ਰਹੇਗਾ। ਵਿਚਾਰਣਯੋਗ ਗੱਲ ਹੈ ਕਿ 12 ਜੁਲਾਈ 2004 ਤੋਂ ਪਹਿਲਾਂ ਪੰਜਾਬ ਨੇ ਕਦੀ ਵੀ ਇਹ ਗੱਲ ਪ੍ਰਵਾਨ ਨਹੀਂ ਕੀਤੀ ਸੀ ਕਿ ਹਰਿਆਣੇ ਅਤੇ ਰਾਜਸਥਾਨ ਦਾ ਪੰਜਾਬ ਦੇ ਪਾਣੀਆਂ ਉੱਪਰ ਕੋਈ ਹੱਕ ਬਣਦਾ ਹੈ। ਇਹ ਪਹਿਲੀ ਵਾਰ ਹੈ ਪੰਜਾਬ ਦੀਆਂ ਵੱਡੀਆਂ ਸਿਆਸੀ ਧਿਰਾਂ ਨੇ ਇਕੱਠਿਆਂ ਪੰਜਾਬ ਦੇ ਪਾਣੀ ਰਾਜਸਥਾਨ ਅਤੇ ਹਰਿਆਣਾ ਨੂੰ ਦੇਣੇ ਤਸਲੀਮ ਕਰ ਲਏ ਹਨ। ਇਹ ਪੰਜਾਬ ਦੇ ਨਾਲ ਬਹੁਤ ਵੱਡਾ ਧੋਖਾ ਹੈ।

ਇਸ ਤੋਂ ਬਾਅਦ ਕੇਂਦਰ ਸਰਕਾਰ ਨੇ ਪੰਜਾਬ ਦੇ ਇਸ ਕਾਨੂੰਨ ਵਿਰੁੱਧ ਸੁਪਰੀਮ ਕੋਰਟ ਕੋਲ ਭਾਰਤੀ ਸੰਵਿਧਾਨ ਦੀ ਧਾਰਾ 143 ਤਹਿਤ ਰੈਫਰੈਂਸ ਪਟੀਸ਼ਨ ਪਾਈ ਹੋਈ ਹੈ। ਇਸ ਪਟੀਸ਼ਨ ਬਾਰੇ ਫੈਸਲਾ ਆਉਣ ਦੇ ਆਸਾਰ ਹਨ ਅਤੇ ਵਧੇਰੇ ਸੰਭਾਵਨਾ ਇਹ ਹੈ ਕਿ ਇਹ ਫੈਸਲਾ ਪੰਜਾਬ ਦੇ ਵਿਰੁੱਧ ਹੀ ਹੋਵੇਗਾ।

**16. ਸਵਾਲ: ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਸੰਬੰਧੀ ਭਾਰਤੀ ਸਰਕਾਰ (Indian State) ਦੀ ਕੀ ਭੂਮਿਕਾ ਰਹੀ?**

**ਜਵਾਬ:** ਸਮਾਜ ਦੀ ਸਰਵਪੱਖੀ ਤਰੱਕੀ ਲਈ ਤਿੰਨ ਸ਼ੈਆਂ ਅਹਿਮ ਮੰਨੀਆਂ ਜਾਂਦੀਆਂ ਹਨ:

1. ਕੁਦਰਤੀ ਸਾਧਨ, ਜਿਵੇਂ ਪਾਣੀ, ਜ਼ਮੀਨ, ਕੋਲਾ, ਲੋਹਾ ਆਦਿ।
2. ਮਨੁੱਖੀ ਸਾਧਨ, ਭਾਵ ਕਿ ਇਲਾਕੇ ਕੇ ਲੋਕ ਕਿੰਨੇ ਕੁ ਮਿਹਨਤੀ ਹਨ ਅਤੇ
3. ਸਭ ਤੋਂ ਅਹਿਮ ਹੁੰਦੀ ਹੈ ਸਰਕਾਰ। ਜੇਕਰ ਸਰਕਾਰ ਕੁਦਰਤੀ ਤੇ ਮਨੁੱਖੀ ਸਾਧਨਾਂ ਨੂੰ ਸਹੀ ਤਰੀਕੇ ਵਰਤਣ ਦਾ ਇਰਾਦਾ ਅਤੇ ਸਮਰੱਥਾ ਨਹੀਂ ਰੱਖਦੀ ਤਾਂ ਤਰੱਕੀ ਨਹੀਂ ਹੋ ਸਕਦੀ। ਪੰਜਾਬ ਦੇ ਸਬੰਧ ਵਿੱਚ ਉਲਟੀ ਵਾੜ ਹੀ ਖੇਤ ਨੂੰ ਖਾ

ਰਹੀ ਹੈ। ਸਰਕਾਰ ਦਾ ਇਰਾਦਾ ਪੰਜਾਬ ਦੇ ਕੁਦਰਤੀ ਸਾਧਨ, ਪਾਣੀ ਅਤੇ ਜਮੀਨ, ਨੂੰ ਬਰਬਾਦ ਕਰਨ ਦਾ ਲੱਗਦਾ ਹੈ ਜਿਸ ਲਈ ਸਰਕਾਰ ਨੇ ਆਪਣੀ ਸਮਰੱਥਾ ਝੋਕ ਦਿੱਤੀ ਹੈ। ਭਾਰਤੀ ਸਰਕਾਰ ਨੇ ਪੰਜਾਬ ਦੀ ਭਵਿੱਖ ਵਿੱਚ ਪਾਣੀ ਦੀ ਲੋੜ ਦਾ ਅੰਦਾਜਾ ਲਾਉਣ ਤੋਂ ਬਿਨਾ ਹੀ ਪੰਜਾਬ ਦੇ ਦਰਿਆਵਾਂ ਦਾ ਅੱਧਾ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਦੇ ਦਿੱਤਾ ਹੈ ਜਿਸ ਕਾਰਨ ਪੰਜਾਬ ਦਾ ਜਮੀਨਦੋਜ਼ ਪਾਣੀ ਖਾਤਮੇ ਵੱਲ ਵੱਧ ਰਿਹਾ ਹੈ। ਇਸ ਤੋਂ ਬਿਨਾ ਕੇਂਦਰ ਸਰਕਾਰ ਨੇ ਪੰਜਾਬ ਨਾਲ ਧੱਕਾ ਕਰਨ ਦੀ ਮੰਨਸ਼ਾ ਨਾਲ "ਪੰਜਾਬ ਪੁਨਰਗਠਨ ਕਾਨੂੰਨ 1966" ਵਿੱਚ ਗੈਰ-ਕਾਨੂੰਨੀ ਧਾਰਾਵਾਂ 78, 79 ਅਤੇ 80 ਦਰਜ ਕਰਕੇ ਦਰਿਆਈ ਪਾਣੀਆਂ ਦੀ ਵੰਡ, ਡੈਮਾਂ, ਨਹਿਰਾਂ ਅਤੇ ਪਣ-ਬਿਜਲੀ ਦਾ ਪ੍ਰਬੰਧ ਕਰਨ ਦਾ ਹੱਕ ਆਪਣੇ ਕੋਲ ਲੈ ਲਿਆ ਹੈ। ਜਦੋਂ ਕਿ ਭਾਰਤ ਦੇ ਹੋਰਨਾਂ ਸਾਰੇ ਸੂਬਿਆਂ ਦੇ ਪਾਣੀਆਂ ਆਦਿ ਦਾ ਕੰਟਰੋਲ ਖੁਦ ਸੂਬਾ ਸਰਕਾਰਾਂ ਕੋਲ ਹੀ ਹੈ।

**17. ਸਵਾਲ: ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਸੰਬੰਧੀ ਭਾਰਤੀ ਨਿਆਂਪਾਲਿਕਾ ਦੀ ਕੀ ਭੂਮਿਕਾ ਰਹੀ?**

**ਜਵਾਬ:** ਵੈਸੇ ਇਹ ਕਿਹਾ ਜਾਂਦਾ ਹੈ ਕਿ ਅਦਾਲਤਾਂ ਨਿਰਪੱਖ ਹੁੰਦੀਆਂ ਹਨ ਪਰ ਜਦੋਂ ਅਸੀਂ ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਸਬੰਧੀ ਅਦਾਲਤਾਂ ਦੀ ਭੂਮਿਕਾ ਗਹੁ ਨਾਲ ਵਾਚਦੇ ਹਾਂ ਤਾਂ ਸਾਨੂੰ ਇਹ ਨਿਰਪੱਖਤਾ ਕਿਤੇ ਵੀ ਨਜ਼ਰ ਨਹੀਂ ਆਉਂਦੀ। ਇਸ ਸਬੰਧੀ ਅਸੀਂ ਹੇਠਾਂ ਦੋ ਮਿਸਾਲਾਂ ਪੇਸ਼ ਕਰ ਰਹੇ ਹਾਂ:

ਪਹਿਲੀ, 1982 ਵਿੱਚ ਪੰਜਾਬ ਪੁਨਰਗਠਨ ਕਾਨੂੰਨ 1966 ਦੀ ਧਾਰਾ 78, 79 ਅਤੇ 80 ਨੂੰ ਚੁਣੌਤੀ ਦੇਣ ਲਈ ਇੱਕ ਅਰਜ਼ੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਵਿਧਾਨ ਦੀ ਧਾਰਾ 226 ਤਹਿਤ ਦਾਇਰ ਕੀਤੀ ਗਈ। ਪਹਿਲਾਂ ਤਾਂ ਨਵੰਬਰ 1983 ਤੱਕ ਇਹ ਕੇਸ ਦਾਖਲ ਹੀ ਨਾ ਕੀਤਾ ਗਿਆ। ਜਦੋਂ ਇਹ ਕੇਸ ਇਸ ਅਦਾਲਤ ਦੇ ਮੁੱਖ ਜੱਜ ਸੰਧਾਵਾਲੀਆ ਅਤੇ ਜਸਟਿਸ ਸੋਢੀ ਕੋਲ ਪੇਸ਼ ਹੋਇਆ ਤਾਂ ਉਨ੍ਹਾਂ ਨੇ ਇਸ ਨੂੰ ਦਾਖਲ ਕਰ ਲਿਆ। ਮੁੱਖ ਜੱਜ ਸੰਧਾਵਾਲੀਆ, ਜਸਟਿਸ ਸੋਢੀ ਅਤੇ ਜਸਟਿਸ ਮਿੱਤਲ ਉਤੇ ਅਧਾਰਿਤ ਬੈਂਚ ਕੋਲ ਸੁਣਵਾਈ ਲਈ 15 ਨਵੰਬਰ 1983 ਦੀ ਤਾਰੀਕ ਮਿੱਥੀ ਗਈ। 14 ਨਵੰਬਰ 1983 ਨੂੰ ਸਵੇਰੇ ਹਿੰਦੋਸਤਾਨ ਦੇ ਅਟਾਰਨੀ ਜਨਰਲ ਸੁਪਰੀਮ ਕੋਰਟ ਦੇ ਮੁੱਖ ਜੱਜ ਕੋਲ ਪੇਸ਼ ਹੋ ਕੇ ਇਹ ਸੁਣਵਾਈ ਰੁਕਵਾ ਦਿੱਤੀ। 14 ਨਵੰਬਰ ਦੀ ਸ਼ਾਮ ਨੂੰ ਵੀ ਹਾਈਕੋਰਟ ਵਿੱਚ ਕੇਸ ਦਾਖਲ ਕਰਨ ਵਾਲੇ ਜਸਟਿਸ ਸੰਧਾਵਾਲੀਆ ਦੀ

ਬਦਲੀ ਪਟਨਾ ਕਰ ਦਿੱਤੀ ਗਈ। 18 ਨਵੰਬਰ 1983 ਨੂੰ ਸੁਪਰੀਮ ਕੋਰਟ ਨੇ ਧਾਰਾ 139-ਏ ਦੇ ਅਧੀਨ ਪਾਣੀਆਂ ਸਬੰਧੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਕੇਸ ਸੁਪਰੀਮ ਕੋਰਟ ਵਿੱਚ ਤਬਦੀਲ ਕਰ ਲਿਆ। ਹਾਲਾਂਕਿ ਧਾਰਾ 139-ਏ ਤਾਂ ਹੀ ਲਾਗੂ ਹੋ ਸਕਦੀ ਹੈ ਜੇਕਰ ਦੋ ਜਾਂ ਵੱਧ ਹਾਈਕੋਰਟਾਂ ਵਿੱਚ ਇੱਕੋ ਜਿਹੇ ਮੁਕੱਦਮੇ ਚੱਲ ਰਹੇ ਹੋਣ ਤਾਂ ਕੁੱਝ ਹਾਲਾਤਾਂ ਅੰਦਰ ਉਹ ਮੁਕੱਦਮੇ ਸੁਪਰੀਮ ਕੋਰਟ ਵਿੱਚ ਤਬਦੀਲ ਕੀਤੇ ਜਾ ਸਕਦੇ ਹਨ। ਪੰਜਾਬ ਦਾ ਉੱਪਰ ਬਿਆਨਿਆ ਮੁਕੱਦਮਾ ਯਕੀਨਨ ਹੀ ਇਸ ਤਰ੍ਹਾਂ ਦਾ ਨਹੀਂ ਸੀ।

ਦੂਸਰੀ, ਕਿ ਜਦੋਂ ਕਿਸੇ ਵੀ ਵੰਡ ਸਬੰਧੀ ਕੋਈ ਝਗੜਾ ਪੈਦਾ ਹੋ ਜਾਵੇ ਤਾਂ ਪਹਿਲਾਂ ਵੱਖ-ਵੱਖ ਧਿਰਾਂ ਦੇ ਹੱਕਾਂ ਦਾ ਫੈਸਲਾ ਕੀਤਾ ਜਾਂਦਾ ਹੈ ਅਤੇ ਬਾਅਦ ਵਿੱਚ ਵੰਡ ਦਾ ਅਮਲ ਲਾਗੂ ਕੀਤਾ ਜਾਂਦਾ ਹੈ। ਪਰ ਪੰਜਾਬ ਦੇ ਪਾਣੀਆਂ ਦੀ ਵੰਡ ਸੰਬੰਧੀ ਚੱਲਦੇ ਮੁਕੱਦਮਿਆਂ ਵਿੱਚ ਭਾਰਤੀ ਸੁਪਰੀਮ ਕੋਰਟ ਨੇ ਇਸ ਅਸੂਲ ਨੂੰ ਲਾਗੂ ਨਹੀਂ ਕੀਤਾ। 2004 ਵਿੱਚ ਆਏ ਇੱਕ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਸਬੰਧੀ ਆਦੇਸ਼ ਜਾਰੀ ਕਰ ਦਿੱਤੇ ਜਦਕਿ ਇਸ ਗੱਲ ਦਾ ਅਜੇ ਤਕ ਕੋਈ ਫੈਸਲਾ ਹੀ ਨਹੀਂ ਹੋਇਆ ਕਿ ਪੰਜਾਬ ਦਾ ਹੋਰ ਪਾਣੀ ਹਰਿਆਣੇ ਨੂੰ ਦਿੱਤਾ ਵੀ ਜਾਣਾ ਹੈ ਜਾਂ ਨਹੀਂ।

**18. ਸਵਾਲ: ਪੰਜਾਬ ਦੇ ਦਰਿਆਈ ਪਾਣੀਆਂ ਦੇ ਮਸਲੇ ਸੰਬੰਧੀ ਪ੍ਰੈਸ ਅਤੇ ਮੀਡੀਆ ਦੀ ਕੀ ਭੂਮਿਕਾ ਰਹੀ ਹੈ?**

**ਜਵਾਬ:** ਮੀਡੀਆ ਨੂੰ ਇਸ ਦੀ ਨਿਰਪੱਖਤਾ ਕਾਰਨ ਲੋਕਤੰਤਰ ਦਾ ਚੌਥਾ ਥੰਮ ਕਿਹਾ ਜਾਂਦਾ ਹੈ। ਪਰ ਭਾਰਤੀ ਲੋਕਤੰਤਰ ਦੇ ਇਸ ਚੌਥੇ ਥੰਮ ਨੇ ਪੰਜਾਬ ਦੇ ਪਾਣੀਆਂ ਦੇ ਮਸਲੇ ਨੂੰ ਸਹੀ ਨੁਕਤਾ-ਨਿਗਾਹ ਨਾਲ ਪੇਸ਼ ਨਹੀ ਕੀਤਾ। ਜਦੋਂ ਵੀ ਪੰਜਾਬ ਦੇ ਲੋਕਾਂ ਨੇ ਆਪਣੀ ਖ਼ਤਰੇ ਵਿੱਚ ਪੈ ਰਹੀ ਹੋਂਦ ਨੂੰ ਕਾਇਮ ਰੱਖਣ ਲਈ ਜਦੋ-ਜਹਿਦ ਸ਼ੁਰੂ ਕੀਤੀ ਹੈ ਤਾਂ ਭਾਰਤੀ ਮੀਡੀਆ ਨੇ ਅਜਿਹੀ ਹਰ ਇੱਕ ਲਹਿਰ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਹੈ। ਪੰਜਾਬ ਦੇ ਹਰੇਕ ਯਤਨ ਨੂੰ ਚਾਹੇ ਉਹ ਅਕਾਲੀ ਮੋਰਚੇ, ਧਰਮ ਯੁੱਧ ਮੋਰਚਾ ਆਦਿ ਸੰਘਰਸ਼ ਹੋਣ ਜਾਂ ਪੰਜਾਬ ਵਿਧਾਨ ਸਭਾ ਵਲੋਂ ਸੰਨ 2004 ਵਿੱਚ ਕਥਿਤ ਸਮਝੌਤੇ ਰੱਦ ਕਰਨ ਲਈ ਬਣਾਇਆ ਗਿਆ ਕਾਨੂੰਨ ਹੋਵੇ, ਨੂੰ ਮੀਡੀਆ ਨੇ 'ਦੇਸ਼ ਦੀ ਏਕਤਾ ਅਤੇ ਅਖੰਡਤਾ' ਲਈ ਵੱਡਾ ਖਤਰਾ ਹੀ ਪ੍ਰਚਾਰਿਆ ਹੈ। ਇੰਝ ਭਾਰਤੀ ਮੀਡੀਆ ਨੇ ਪੰਜਾਬ ਦੀ ਪੀੜ ਨੂੰ ਕਦੀ ਨਹੀਂ ਪਛਾਣਿਆ ਸਗੋਂ ਹਮੇਸ਼ਾ ਇਸ ਦੇ ਜਖ਼ਮ ਹੀ ਕੁਰੇਦੇ ਹਨ। ਮੀਡੀਆ ਦੇ ਬਹੁਤ ਥੋੜ੍ਹੇ ਹਿੱਸੇ ਨੇ ਹੀ ਸੱਚ ਦੀ ਗੱਲ ਕਰਨ ਦਾ ਹਿਆ ਕੀਤਾ ਹੈ।

***

# ਸਵਾਲ ਜੋ ਇਨਸਾਫ਼ ਪਸੰਦ ਲੋਕਾਂ ਦਾ ਮੂੰਹ ਚੜਾ ਰਹੇ ਹਨ

? ਪੰਜਾਬ ਦੇ ਦਰਿਆਵਾਂ ਸਤਲੁਜ, ਰਾਵੀ ਅਤੇ ਬਿਆਸ ਦਾ ਅੱਧੇ ਤੋਂ ਵੱਧ ਪਾਣੀ ਮੋੜ ਕੇ ਗੈਰ-ਰਾਇਪੇਰੀਅਨ ਸੂਬਿਆਂ ਨੂੰ ਦਿੱਤਾ ਜਾ ਰਿਹਾ ਹੈ ਜਦਕਿ ਅਜਿਹੀ ਹੋਰ ਕੋਈ ਵੀ ਮਿਸਾਲ ਪੂਰੇ ਹਿੰਦੁਸਤਾਨ ਵਿੱਚ ਨਹੀਂ ਮਿਲਦੀ। ਪੰਜਾਬ ਦੇ ਮਸਲੇ ਵਿੱਚ ਹੀ ਅਜਿਹਾ ਕਿਉਂ ਵਾਪਰ ਰਿਹਾ ਹੈ ?

? ਪੰਜਾਬ ਦੇ ਦਰਿਆਵਾਂ ਵਿੱਚ ਤਕਰੀਬਨ 304 ਲੱਖ ਏਕੜ ਫੁੱਟ ਪਾਣੀ ਜਦਕਿ ਗੰਗਾ-ਯਮੁਨਾ ਦਰਿਆਵਾਂ ਵਿੱਚ 4500 ਲੱਖ ਏਕੜ ਫੁੱਟ ਪਾਣੀ ਹੈ। ਹਰਿਆਣੇ ਨੂੰ ਗੰਗਾ-ਯਮੁਨਾ ਵਿੱਚੋਂ ਪਾਣੀ ਦੇਣ ਦੀ ਬਜਾਏ ਪੰਜਾਬ ਦੇ ਦਰਿਆਵਾਂ ਦਾ ਪਾਣੀ ਕਿਉਂ ਦਿੱਤਾ ਜਾ ਰਿਹਾ ਹੈ ?

? ਜਦੋਂ ਪੰਜਾਬ ਵਿੱਚ ਪਾਣੀ ਦੀ ਬਹੁਤ ਘਾਟ ਹੈ ਅਤੇ ਜਮੀਨੀ ਪਾਣੀ ਦਾ ਪੱਧਰ ਦਿਨ-ਬ-ਦਿਨ ਹੇਠਾਂ ਡਿੱਗਦਾ ਜਾ ਰਿਹਾ ਹੈ ਤਾਂ ਹੁਣ ਵੀ ਪੰਜਾਬ ਦਾ ਦਰਿਆਈ ਪਾਣੀ ਹਰਿਆਣੇ ਅਤੇ ਰਾਜਸਥਾਨ ਨੂੰ ਕਿਉਂ ਦਿੱਤਾ ਜਾ ਰਿਹਾ ਹੈ ? ਕੀ ਸਰਕਾਰਾਂ ਇਸ ਦੇ ਨਤੀਜੇ ਤੋਂ ਨਾ-ਵਾਕਿਫ਼ ਹਨ ?

? ਰਾਜਸਥਾਨ ਨੂੰ ਪਾਣੀ ਦੇਣ ਲਈ ਕਥਿਤ ਸਮਝੌਤਾ ਤਾਂ ਸੰਨ 1955 ਵਿੱਚ ਹੁੰਦਾ ਹੈ ਪਰ ਰਾਜਸਥਾਨ ਨੂੰ ਜਾਣ ਵਾਲੇ ਪਾਣੀ ਲਈ 18,500 ਕਿਉਸਿਕ ਸਮਰੱਥਾ ਵਾਲੇ ਦਰਵਾਜੇ ਹਰੀਕੇ ਵਿਖੇ 1949 ਵਿੱਚ ਕਿਵੇਂ ਰੱਖ ਲਏ ਗਏ ?

? 1989 ਦੀ ਇੱਕ ਰਿਪੋਰਟ ਮੁਤਾਬਕ ਰਾਜਸਥਾਨ ਫੀਡਰ ਦਾ ਪ੍ਰੋਜੈਕਟ ਬੁਰੀ ਤਰ੍ਹਾਂ ਨਾਕਾਮ ਰਿਹਾ ਹੈ, ਤਾਂ ਇਹ ਨਹਿਰ ਅੱਜ ਤਕ ਵੀ ਬੰਦ ਕਿਉਂ ਨਹੀਂ ਕੀਤੀ ਗਈ ?

? ਪੰਜਾਬ ਦੇ ਦੁਆਬਾ ਇਲਾਕੇ ਦੇ 60 ਲੱਖ ਲੋਕਾਂ ਦਾ ਬਿਆਸ ਅਤੇ ਸਤਲੁਜ ਦੇ ਪਾਣੀਆਂ ਉੱਪਰ ਸਭ ਤੋਂ ਵੱਧ ਹੱਕ ਬਣਦਾ ਹੈ ਪਰ ਇਸ ਇਲਾਕੇ ਨੂੰ ਪਾਣੀ ਦੇਣ ਵਾਲੀ ਬਿਸਤ ਦੁਆਬ ਨਹਿਰ ਦੀ ਸਮਰੱਥਾ ਸਿਰਫ 1400 ਕਿਉਸਿਕ ਹੈ। ਦੂਸਰੇ ਪਾਸੇ ਰਾਜਸਥਾਨ ਜਿਸ ਦਾ ਪੰਜਾਬ ਦੇ ਪਾਣੀਆਂ ਦੀ ਇਕ ਬੂੰਦ ਉੱਪਰ ਵੀ ਹੱਕ ਨਹੀਂ ਹੈ, ਉਸ ਨੂੰ ਪਾਣੀ ਦੇਣ ਲਈ 18,500 ਕਿਉਸਿਕ ਸਮਰੱਥਾ ਵਾਲੀ ਨਹਿਰ ਕਿਉਂ ਕੱਢੀ ਗਈ ?

? ਰਾਜਸਥਾਨ ਦਾ ਕੁਦਰਤੀ ਸਾਧਨ ਪੱਥਰ (ਸੰਗਮਰਮਰ ਆਦਿ) ਹੈ ਅਤੇ ਪਾਣੀ ਪੰਜਾਬ ਦਾ ਕੁਦਰਤੀ ਸਾਧਨ ਹੈ। ਜਦੋਂ ਰਾਜਸਥਾਨ ਦੂਸਰੇ ਸੂਬਿਆਂ ਨੂੰ ਪੱਥਰ ਮੁਫਤ ਨਹੀਂ ਦਿੰਦਾ ਤਾਂ ਪੰਜਾਬ ਦੇ ਪਾਣੀ ਦੂਸਰੇ ਸੂਬਿਆਂ ਨੂੰ ਮੁਫਤ ਕਿਉਂ ਵੰਡੇ ਜਾ ਰਹੇ ਹਨ ?

? ਹਰਿਆਣਾ ਅਤੇ ਰਾਜਸਥਾਨ ਪਾਣੀ ਦੀ ਘਾਟ ਦਾ ਰੌਲਾ ਪਾ ਕੇ ਪੰਜਾਬ ਦਾ ਅੱਧਾ ਦਰਿਆਈ ਪਾਣੀ ਪਿਛਲੇ ਕਈ ਦਹਾਕਿਆਂ ਤੋਂ ਲੁੱਟ ਰਹੇ ਹਨ ਪਰ ਪੰਜਾਬ ਦੇ ਪਾਣੀਆਂ ਤੋਂ ਪੈਦਾ ਹੋਣ ਵਾਲੀ ਪਣ-ਬਿਜਲੀ ਉਨ੍ਹਾਂ ਨੂੰ ਕਿਸ ਅਧਾਰ ਉੱਪਰ ਦਿੱਤੀ ਜਾ ਰਹੀ ਹੈ?

? ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਦੇ ਮੈਂਬਰਾਂ ਦੀ ਗਿਣਤੀ ਛੇ ਤੋਂ ਘਟਾ ਕੇ ਇਕ ਕਿਉਂ ਕਰ ਦਿੱਤੀ ਗਈ ਹੈ ?

? ਜਦੋਂ ਹਿੰਦੁਸਤਾਨ ਦੇ ਬਾਕੀ ਸਾਰੇ ਸੂਬਿਆਂ ਦੇ ਦਰਿਆਈ ਪਾਣੀ ਅਤੇ ਪਣ-ਬਿਜਲੀ ਦਾ ਪ੍ਰਬੰਧ ਉਨ੍ਹਾਂ ਸੂਬਿਆਂ ਕੋਲ ਹੀ ਹੈ ਤਾਂ ਪੰਜਾਬ ਦੇ ਦਰਿਆਈ ਪਾਣੀਆਂ ਅਤੇ ਪਣ-ਬਿਜਲੀ ਦਾ ਕੰਟਰੋਲ ਕੇਂਦਰ ਕੋਲ ਕਿਉਂ ਹੈ ?

? ਪੰਜਾਬ ਦੇ ਲੋਕਾਂ ਨੂੰ ਰਸਾਇਣ ਖਾਦਾਂ ਅਤੇ ਜਹਿਰੀਲੀਆਂ ਦਵਾਈਆਂ ਦੇ ਬਦਲ ਵੱਲ ਕਿਉਂ ਨਹੀਂ ਪ੍ਰੇਰਿਆ ਜਾ ਰਿਹਾ?

? ਜਦੋਂ ਝੋਨਾ ਲਾਉਣ ਨਾਲ ਪੰਜਾਬ ਅੰਦਰ ਵੱਡੇ ਭੂਗੋਲਿਕ ਵਿਗਾੜਾਂ ਦੇ ਆਸਾਰ ਸਾਫ ਨਜਰ ਆ ਰਹੇ ਹਨ ਤਾਂ ਪੰਜਾਬ ਦੇ ਕਿਸਾਨਾਂ ਨੂੰ ਝੋਨਾ ਲਾਉਣ ਹੀ ਕਿਉਂ ਮਜਬੂਰ ਕੀਤਾ ਜਾ ਰਿਹਾ ਹੈ ?

***

# ਪੰਜਾਬ ਦੇ ਖਤਮ ਹੋ ਰਹੇ ਪਾਣੀ ਨੂੰ ਬਚਾਉਣ ਲਈ ਹੇਠ ਲਿਖੇ ਕੁੱਝ ਕਦਮ (ਸੁਝਾਅ) ਸਮੂਹ ਪੰਜਾਬੀਆਂ ਲਈ ਹਾਜਰ ਹਨ:

1. ਪੰਜਾਬ ਦੇ ਦਰਿਆਵਾ ਦਾ ਜੋ ਅੱਧਾ ਪਾਣੀ ਹਰਿਆਣਾ ਅਤੇ ਰਾਜਸਥਾਨ ਵਿੱਚ ਬਰਬਾਦ ਹੋ ਰਿਹਾ ਹੈ ਉਹ ਵਾਪਸ ਪੰਜਾਬ ਨੂੰ ਮਿਲਣਾ ਚਾਹੀਦਾ ਹੈ।
2. ਝੋਨੇ ਦੀ ਜਗਾ ਹੋਰ ਘੱਟ ਪਾਣੀ ਵਾਲੀਆਂ ਫਸਲਾਂ ਨੂੰ ਸਰਕਾਰ ਵਲੋਂ ਰਿਆਇਤ ਦੇ ਕੇ ਉਤਸ਼ਾਹਿਤ ਕਰਨਾ ਚਾਹੀਦਾ ਹੈ।
3. ਮੀਂਹ ਦਾ ਪਾਣੀ ਧਰਤੀ ਦੇ ਹੇਠਲੇ ਪੱਧਰ ਦੇ ਪਾਣੀ ਨੂੰ ਉੱਪਰ ਚੁੱਕਣ ਲਈ ਵਰਤਿਆ ਜਾ ਸਕਦਾ ਹੈ। ਇਸ ਲਈ ਹਰੇਕ ਪਿੰਡ ਵਿਚ ਘੱਟੋ-ਘੱਟ ਕਿਸੇ ਇਕ ਸਾਂਝੀ ਇਮਾਰਤ ਦੀ ਛੱਤ ਦਾ ਸਮੁੱਚਾ ਪਾਣੀ ਜ਼ਮੀਨਦੋਜ ਕਰਨਾ ਚਾਹੀਦਾ ਹੈ।
4. ਖੱਡਾਂ, ਨਦੀਆਂ ਅਤੇ ਖੇਤਾਂ ਵਿਚ ਛੋਟੇ ਬੰਨ੍ਹ ਬਣਾਕੇ ਮੀਂਹ ਦੇ ਪਾਣੀ ਨੂੰ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉਪਰ ਚੁੱਕਣ ਲਈ ਵਰਤਣਾ ਚਾਹੀਦਾ ਹੈ।
5. ਪੰਜਾਬ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਸੰਜ਼ਮ ਨਾਲ ਪਾਣੀ ਦੀ ਵਰਤੋਂ ਕਰਨ ਅਤੇ ਪਾਣੀ ਦੀ ਸਹੀ ਵਰਤੋਂ ਪ੍ਰਤੀ ਜਾਗਰੂਕ ਹੋਣ।
6. ਵੱਧ ਤੋਂ ਵੱਧ ਦਰੱਖਤ ਲਗਾਏ ਜਾਣ।
7. ਸੀਵਰੇਜ ਅਤੇ ਹੋਰ ਗੰਦਗੀ ਨੂੰ ਪਾਣੀ ਦੇ ਸਰੋਤਾਂ ਵਿੱਚ ਰਲਣ ਨਹੀਂ ਦੇਣਾ ਚਾਹੀਦਾ। ਟੋਬਿਆਂ ਅਤੇ ਛੱਪੜਾਂ ਦੀ ਸਫਾਈ ਵੱਲ ਖਾਸ ਧਿਆਨ ਦਿੱਤਾ ਜਾਵੇ।
8. ਰਸਾਇਣਿਕ ਖਾਦਾਂ ਅਤੇ ਜਹਿਰੀਲੀਆਂ ਦਵਾਈਆਂ ਦੇ ਬਦਲਾਂ ਜਿਵੇਂ ਕਿ ਕੁਦਰਤੀ ਖੇਤੀ ਦੀ ਵਰਤੋਂ ਕਰਨੀ ਚਾਹੀਦੀ ਹੈ।
9. ਸਭ ਤੋਂ ਅਹਿਮ ਹੈ ਕਿ ਲੋਕ ਪਾਣੀ ਦੀ ਸਮੱਸਿਆ ਬਾਰੇ ਜਾਗਰੂਕ ਹੋਣ ਅਤੇ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਜਥੇਬੰਦ ਹੋਣ।

***

**ਪ੍ਰਕਾਸ਼ਕ**

## ਸਿੱਖ ਸਟੂਡੈਂਟਸ ਫੈਡਰੇਸ਼ਨ

**ਪਰਮਜੀਤ ਸਿੰਘ ਗਾਜ਼ੀ** (ਕੌਮੀ ਪ੍ਰਧਾਨ)
(ਸੰਪਰਕ: 93166-48112, 98882-70651)

ਮੱਖਣ ਸਿੰਘ ਗੰਢੂਆਂ (94171-29045)
ਸਿਮਰਨ ਸਿੰਘ ਮਹਿਤਾ (98880-00047)
ਹਰਿੰਦਰਪ੍ਰੀਤ ਸਿੰਘ (93563-94607)
ਅਕਬਾਲ ਸਿੰਘ
ਬਲਜੀਤ ਸਿੰਘ (98782-68800)
ਕਮਲਜੀਤ ਸਿੰਘ (98762-17162)
ਕੁਲਦੀਪ ਸਿੰਘ
ਗੁਰਬਿੰਦਰ ਸਿੰਘ

**ਸਹਿ ਦਫਤਰ:**
**SCO 25, ਸੁਖਸਾਗਰ ਕੰਪਲੈਕਸ,**
**ਸਾਹਮਣੇ ਪੰਜਾਬੀ ਯੂਨੀਵਰਸਿਟੀ,**
**ਪਟਿਆਲਾ-147002**
**(ਪੰਜਾਬ)**

**ਵੈੱਬਸਾਈਟ:**
**www.sikhstudentsfederation.com**
**ਈਮੇਲ**
**information@sikhstudentsfederation.com**
**ਫੈਕਸ: 0175-5005281**